Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit punjabipost.ca/epaper | Vol 21* Issue 33 | Thursday, February 17, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


## ਫਰੀਡਮ ਕੌਨਵੌਏ ਨੇ ਐਮਰਜੰਸੀ ਐਕਟ ਨੂੰ ਦੱਸਿਆ ਸਰਕਾਰ ਦੇ ਖੋਖਲੇ ਹੱਥਕੰਢੇ




ਓਟਵਾ, 16 ਫਰਵਰੀ (ਪੋਸਟ ਬਿਊਰੋ) : ਤਿੰਨ ਹਫਤਿਆਂ ਤੱਕ ਰਾਜਧਾਨੀ ਵਿੱਚ ਹਰ ਕੰਮਕਾਜ ਨੂੰ ਠੱਪ ਕਰਨ ਵਾਲੇ ਫਰੀਡਮ ਕੌਨਵੌਏ ਦੇ ਮੈਂਬਰਾਂ ਨੇ ਫੈਡਰਲ ਸਰਕਾਰ ਦੇ ਐਮਰਜੰਸੀ ਐਕਟ ਨੂੰ ਮਹਿਜ ਖੋਖਲੇ ਹੱਥਕੰਢੇ ਦੱਸਿਆ।

ਪਾਰਲੀਆਮੈਂਟ ਹਿੱਲ ਦੇ ਸਾਹ-ਮਣੇ ਵੈਲਿੰਗਟਨ ਸਟਰੀਟ ਉੱਤੇ ਖੜ੍ਹੇ ਟਰੱਕਾਂ, ਆਰਵੀਜ਼ ਤੇ ਹੋਰ ਗੱਡੀਆਂ, ਜਿਨ੍ਹਾਂ ਉੱਤੇ ਕੈਨੇਡੀਅਨ ਝੰਡੇ ਲੱਗੇ ਹੋਏ ਹਨ ਜਾਂ ਬੈਨਰਜ਼ ਉੱਤੇ ਵੱਡੇ ਵੱਡੇ ਅੱਖਰਾਂ ਵਿੱਚ ਫਰੀਡਮ ਲਿਖਿਆ ਹੈ, ਦੇ ਡਰਾਈਵਰਾਂ ਨੇ ਆਖਿਆ ਕਿ ਉਹ ਉਦੋਂ ਤੱਕ ਇੱਥੇ ਹੀ ਬਣੇ ਰਹਿਣਗੇ ਜਦੋਂ ਤੱਕ ਕੋਵਿਡ-19 ਸਬੰਧੀ ਨਿਯਮ ਤੇ ਪਾਬੰਦੀਆਂ ਨੂੰ ਹਟਾਅ ਨਹੀਂ ਲਿਆ ਜਾਂਦਾ।

ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੋਮਵਾਰ ਨੂੰ ਪਹਿਲੀ ਵਾਰੀ ਐਮਰਜੰਸੀ ਐਕਟ ਲਾਗੂ ਕੀਤਾ ਤੇ ਮੰਗਲਵਾਰ ਨੂੰ ਜਨਤਕ ਤੌਰ ਉੱਤੇ ਇਸ ਦਾ ਐਲਾਨ ਕੀਤਾ ਗਿਆ। ਇਸ ਐਕਟ ਤਹਿਤ ਸਰਕਾਰ ਵਿਰੋਧੀ ਬਲਾਕੇਡਜ਼ ਵਿੱਚ ਬੱਚਿਆਂ ਨੂੰ ਲਿਆਉਣ, ਸਿੱਧੇ ਤੌਰ ਉੱਤੇ ਮੁਜ਼ਾਹਰਿਆਂ ਵਿੱਚ ਹਿੱਸਾ ਲੈਣ ਜਾਂ ਅਜਿਹੇ ਮੁਜ਼ਾਹਰਿਆਂ ਵਿੱਚ ਫੂਡ ਜਾਂ ਫਿਊਲ ਵਰਗੀ ਮਦਦ ਪਹੁੰਚਾਉਣ ਵਾਲਿਆਂ ਨੂੰ 5000 ਡਾਲਰ ਜੁਰਮਾਨਾ ਜਾਂ ਪੰਜ ਸਾਲ ਦੀ ਸਜ਼ਾ ਹੋ ਸਕਦੀ ਹੈ।

## ਕੰਜ਼ਰਵੇਟਿਵਾਂ ਨੇ ਐਮਰਜੰਸੀ ਐਕਟ ਦਾ ਸਮਰਥਨ ਕਰਨ ਤੋਂ ਕੀਤਾ ਇਨਕਾਰ

ਓਟਵਾ, 16 ਫਰਵਰੀ (ਪੋਸਟ ਬਿਊਰੋ) : ਕੰਜ਼ਰਵੇਟਿਵਾਂ ਦੀ ਅੰਤਰਿਮ ਆਗੂ ਕੈਂਡਿਸ ਬਰਗਨ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪਾਰਟੀ ਫੈਡਰਲ ਸਰਕਾਰ ਵੱਲੋਂ ਲਿਆਂਦੇ ਐਮਰਜੰਸੀ ਐਕਟ ਸਬੰਧੀ ਮਤੇ ਦਾ ਸਮਰਥਨ ਨਹੀਂ ਕਰੇਗੀ।ਜੇ ਇਹ ਮਤਾ ਪਾਸ ਹੋ ਜਾਂਦਾ ਹੈ ਤਾਂ ਫੈਡਰਲ ਸਰਕਾਰ ਨੂੰ ਐਮਰਜੰਸੀ ਐਕਟ ਲਾਗੂ ਕਰਨ ਦੀ ਸ਼ਕਤੀ ਮਿਲ ਜਾਵੇਗੀ।

ਕੰਜ਼ਰਵੇਟਿਵ ਕਾਕਸ ਨਾਲ ਮੁਲਾਕਾਤ ਤੋਂ ਬਾਅਦ ਬਰਗਨ ਨੇ ਆਖਿਆ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਮੌਜੂਦਾ ਸ਼ਕਤੀਆਂ ਨਾਲ ਓਟਵਾ ਜਾਂ ਹੋਰਨਾਂ ਥਾਂਵਾਂ ਉੱਤੇ ਜਾਰੀ ਮੁਜ਼ਾਹਰਾਕਾਰੀਆਂ ਤੇ ਬਲਾਕੇਡਜ਼ ਨੂੰ ਹਟਾਅ ਨਹੀਂ ਸਕੇ।ਬਰਗਨ ਨੇ ਆਖਿਆ ਕਿ ਟਰੂਡੋ ਨੇ ਪਹਿਲੇ, ਦੂਜੇ, ਤੀਜੇ ਕਦਮ ਤੋਂ ਸ਼ੁਰੂਆਤ ਨਹੀਂ ਕੀਤੀ ਉਨ੍ਹਾਂ ਸਿੱਧਾ 100ਵੇਂ ਕਦਮ ਉੱਤੇ ਛਾਲ



ਮਾਰੀ ਤੇ ਐਮਰਜੰਸੀ ਐਕਟ ਲਾਗੂ ਕਰ ਦਿੱਤਾ।ਉਨ੍ਹਾਂ ਆਖਿਆ ਕਿ ਅਸੀਂ ਇਸ ਐਕਟ ਦੀ ਹਮਾਇਤ ਨਹੀਂ ਕਰਾਂਗੇ।ਬਰਗਨ ਨੇ ਆਖਿਆ ਕਿ ਇਸ ਐਕਟ ਨੂੰ ਉਸ ਸਮੇਂ ਲਿਆਂਦਾ ਗਿਆ ਜਦੋਂ ਕਈ ਥਾਂਵਾਂ ਉੱਤੇ ਬਲਾਕੇਡ ਲੋਕਲ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਹੀ ਹਟਾਅ ਲਏ ਗਏ ਸਨ।ਸਵਾਲ ਇਹ ਪੈਦਾ ਹੁੰਦਾ ਹੈ ਕਿ ਟਰੂਡੋ ਨੂੰ ਐਨਾ ਵੱਡਾ ਕਦਮ ਚੁੱਕਣ ਦੀ ਲੋੜ ਕਿਉਂ ਪਈ?

ਬੁੱਧਵਾਰ ਸ਼ਾਮ ਨੂੰ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਹਾਊਸ ਆਫ ਕਾਮਨਜ਼ ਵਿੱਚ ਮਤਾ ਪੇਸ਼ ਕੀਤਾ।ਸਰਕਾਰ ਦੇ ਹਾਊਸ ਲੀਡਰ ਮਾਰਕੋ ਹੌਲੈਂਡ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਮਾਮਲੇ ਵਿੱਚ ਚੰਗੀ ਬਹਿਸ ਦੀ ਉਮੀਦ ਹੈ।ਉਨ੍ਹਾਂ ਆਖਿਆ ਕਿ ਹੁਣ ਲੋੜ ਹੈ ਕਿ ਹਾਲਾਤ ਦੀ ਨਜ਼ਾਕਤ ਨੂੰ ਸਮਝਦਿਆਂ ਇਸ ਮਾਮਲੇ ਉੱਤੇ ਪਹਿਲ ਦੇ ਆਧਾਰ ਉੱਤੇ ਬਹਿਸ ਹੋਵੇ।ਇਸ ਮਤੇ ਉੱਤੇ ਵੀਰਵਾਰ ਨੂੰ ਬਹਿਸ ਹੋਵੇਗੀ।ਜੇ ਇਸ ਮਤੇ ਨੂੰ ਅਪਣਾ ਲਿਆ ਜਾਂਦਾ ਹੈ ਤਾਂ ਐਮਰਜੰਸੀ ਸ਼ਕਤੀਆਂ ਲਾਗੂ ਰਹਿਣਗੀਆਂ।ਐਨਡੀਪੀ ਵੱਲੋਂ ਮਤੇ ਦਾ ਸਮਰਥਨ ਕਰਨ ਦੇ ਦਿੱਤੇ ਗਏ ਸੰਕੇਤ ਤੋਂ ਲੱਗਦਾ ਹੈ ਕਿ ਅਜਿਹਾ ਹੋਣ ਦੀ ਸੰਭਾਵਨਾ ਵਧੇਰੇ ਹੈ।

## 28 ਤੋਂ ਬਜ਼ੁਰਗਾਂ ਲਈ ਮੁਫਤ ਬੱਸ ਸੇਵਾ ਹੋਵੇਗੀ ਸ਼ੁਰੂ



ਬਰੈਂਪਟਨ, 16 ਫਰਵਰੀ (ਪੋਸਟ ਬਿਊਰੋ) : 28 ਫਰਵਰੀ ਤੋਂ ਸ਼ੁਰੂ ਕਰਕੇ ਬਰੈਂਪਟਨ ਦੇ 65 ਸਾਲ ਤੇ ਇਸ ਤੋਂ ਵੱਧ ਉਮਰ ਦੇ ਸੀਨੀਅਰ ਮੁਫਤ ਵਿੱਚ ਬਰੈਂਪਟਨ ਟਰਾਂਜ਼ਿਟ ਵਿੱਚ ਸਫਰ ਕਰ ਸਕਣਗੇ। 2022 ਤੱਕ ਬਜ਼ੁਰਗਾਂ ਲਈ ਬਰੈਂਪਟਨ ਟਰਾਂਜ਼ਿਟ ਨੂੰ ਮੁਫਤ ਕਰਨ ਦੇ ਰੀਜਨਲ ਕਾਊਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਵੱਲੋਂ 2019 ਵਿੱਚ ਲਿਆਂਦੇ ਮਤੇ ਦੇ ਪਾਸ ਹੋਣ ਤੋਂ ਬਾਅਦ ਇਹ ਐਲਾਨ ਕੀਤਾ ਗਿਆ।ਬਜ਼ੁਰਗਾਂ ਨੂੰ ਟਰਾਂਜ਼ਿਟ ਦੀ ਵਰਤੋਂ ਕਰਨ ਤੋਂ ਪਹਿਲਾਂ ਪ੍ਰੈਸਟੋ ਤੇ ਬਰੈਂਪਟਨ ਟਰਾਂਜ਼ਿਟ ਸੀਨੀਅਰਜ਼ ਆਇਡੈਂਟੀਫਿਕੇਸ਼ਨ ਕਾਰਡ ਪੇਸ਼ ਕਰਨਾ ਹੋਵੇਗਾ।ਸਿਟੀ ਆਫ ਬਰੈਂਪਟਨ ਵੱਲੋਂ ਇਸ ਸਹੂਲਤ ਦੀ ਵਰਤੋਂ ਕਰਨ ਵਾਲੇ ਅਜਿਹੇ ਬਜ਼ੁਰਗਾਂ ਨੂੰ ਛੇ ਹਫਤੇ ਦਾ ਵਾਧੂ ਸਮਾਂ ਵੀ ਦਿੱਤਾ ਜਾਵੇਗਾ ਜਿਨ੍ਹਾਂ ਕੋਲ ਹਾਲ ਦੀ ਘੜੀ ਪ੍ਰੈਸਟੋ ਕਾਰਡ ਨਹੀਂ ਹੈ। ਇਸ ਅਰਸੇ ਦੌਰਾਨ ਬਰੈਂਪਟਨ ਟਰਾਂਜ਼ਿਟ ਦੀ ਵਰਤੋਂ ਲਈ ਬਜ਼ੁਰਗਾਂ ਨੂੰ ਪ੍ਰੈਸਟੋ ਕਾਰਡ ਦੀ ਲੋੜ ਨਹੀਂ ਹੋਵੇਗੀ।

ਕਾਊਂਸਲਰ ਢਿੱਲੋਂ ਨੇ ਆਖਿਆ ਕਿ ਉਨ੍ਹਾਂ ਨੂੰ ਬਰੈਂਪਟਨ ਦੇ ਬਜ਼ੁਰਗਾਂ ਲਈ ਬੱਸ ਸੇਵਾ ਮੁਫਤ ਕਰਨ ਦੇ ਵਾਅਦੇ ਨੂੰ ਪੂਰਾ ਕਰਕੇ ਬੜਾ ਮਾਣ ਮਹਿਸੂਸ ਹੋ ਰਿਹਾ ਹੈ। ਉਨ੍ਹਾਂ ਆਖਿਆ ਕਿ ਸਾਡੇ ਬਹੁਤ ਸਾਰੇ ਬਜ਼ੁਰਗਾਂ ਨੂੰ ਟਰਾਂਜ਼ਿਟ ਸੇਵਾ ਦੀ ਵਰਤੋਂ ਕਰਨ ਸਮੇਂ ਕਈ ਤਰ੍ਹਾਂ ਦੀਆਂ ਦਿੱਕਤਾਂ ਤੇ ਪਾਬੰਦੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈਆਂ ਨੂੰ ਤਾਂ ਵਿੱਤੀ ਤੇ ਸਰੀਰਕ ਔਕੜਾਂ ਵੀ ਪੇਸ਼ ਆਉਂਦੀਆਂ ਹਨ। ਇਸ ਨਾਲ ਉਨ੍ਹਾਂ ਦੀ ਜ਼ਿੰਦਗੀ ਦਾ ਮਿਆਰ ਤੇ ਸਿਹਤ ਠੀਕ ਹੋਵੇਗੀ, ਸਮਾਜ ਵਿੱਚ ਉਨ੍ਹਾਂ ਦਾ ਦਾਇਰਾ ਵਧੇਗਾ ਤੇ ਉਨ੍ਹਾਂ ਨੂੰ ਵਿੱਤੀ ਰਾਹਤ ਮਿਲੇਗੀ।

## ਮੁੜ ਅੰਬੈਸਡਰ ਬ੍ਰਿੱਜ ਉੱਤੇ ਕਬਜ਼ਾ ਕਰਨ ਜਾ ਰਹੇ ਸ਼ੱਕੀ ਕਾਫਲੇ ਨੂੰ ਪੁਲਿਸ ਨੇ ਰੋਕਿਆ

ਵਿੰਡਸਰ, 16 ਫਰਵਰੀ (ਪੋਸਟ ਬਿਊਰੋ) : ਵਿੰਡਸਰ ਪੁਲਿਸ ਦਾ ਕਹਿਣਾ ਹੈ ਕਿ ਇੱਕ ਵਾਰੀ ਮੁੜ ਅੰਬੈਸਡਰ ਬ੍ਰਿੱਜ ਉੱਤੇ ਕਬਜਾ ਕਰਨ ਲਈ ਜਾ ਰਹੇ ਸ਼ੱਕੀ ਕਾਫਲੇ ਨੂੰ ਬਾਰਡਰ ਕਰੌਸਿੰਗ ਉੱਤੇ ਪਹੁੰਚਣ ਤੋਂ ਪਹਿਲਾਂ ਹੀ ਉਨ੍ਹਾਂ ਵੱਲੋਂ ਰੋਕ ਦਿੱਤਾ ਗਿਆ।

ਵਿੰਡਸਰ ਦੇ ਮੇਅਰ ਡ੍ਰਿਊ ਡਿਲਕਨਜ਼ ਨੇ ਵਿੰਡਸਰ ਪੁਲਿਸ ਚੀਫ ਪੈਮ ਮਿਜ਼ੁਨੋ ਤੇ ਡਿਪਟੀ ਚੀਫ ਜੇਸਨ ਬੈਲੇਅਰ ਦੀ ਹਾਜ਼ਰੀ ਵਿੱਚ ਬੁੱਧਵਾਰ ਨੂੰ ਹੁਰੌਨ ਚਰਚ ਰੋਡ ਦੇ ਨਾਲ ਮੌਜੂਦਾ ਸਥਿਤੀ ਬਾਰੇ ਚਾਨਣਾ ਪਾਇਆ।ਡਿਲਕਨਜ਼ ਨੇ ਆਖਿਆ ਕਿ ਅਜੇ ਵੀ ਆਮ ਵਰਗੇ ਹਾਲਾਤ ਵੱਲ ਮੁੜਨ ਲਈ ਕਈ ਹਫਤਿਆਂ ਦਾ ਸਮਾਂ ਲੱਗ ਸਕਦਾ ਹੈ।

ਜ਼ਿਕਰਯੋਗ ਹੈ ਕਿ ਮੁਜ਼ਾਹਰਾਕਾਰੀਆਂ ਵੱਲੋਂ 7 ਫਰਵਰੀ ਨੂੰ ਹੁਰੌਨ ਚਰਚ ਰੋਡ ਉੱਤੇ ਬਲਾਕੇਡ ਲਾਇਆ ਗਿਆ ਸੀ ਕਿਉਂਕਿ ਉਹ ਕੋਵਿਡ-19 ਸਬੰਧੀ ਪਾਬੰਦੀਆਂ ਤੇ ਵੈਕਸੀਨ ਲਾਜ਼ਮੀ ਕੀਤੇ ਜਾਣ ਦਾ ਵਿਰੋਧ ਕਰ ਰਹੇ ਸਨ। 11 ਫਰਵਰੀ ਨੂੰ ਅਦਾਲਤ ਵੱਲੋਂ ਬਾਰਡਰ ਦੇ ਨਾਲ



ਲੱਗਦੀ ਇਸ ਰੋਡ ਤੋਂ ਮੁਜ਼ਾਹਰਾਕਾਰੀਆਂ ਨੂੰ ਹਟਾਉਣ ਦੇ ਹੁਕਮ ਸੁਣਾਏ ਗਏ। ਇਸ ਉੱਤੇ ਕਾਰਵਾਈ ਕਰਦਿਆਂ ਹੋਇਆਂ ਪੁਲਿਸ ਵੱਲੋਂ ਐਤਵਾਰ ਸ਼ਾਮ ਤੱਕ ਮੁਜ਼ਾਹਰਾਕਾਰੀਆਂ ਨੂੰ ਹਟਾਅ ਕੇ ਬਾਰਡਰ ਖਾਲੀ ਕਰਵਾ ਲਿਆ ਗਿਆ ਤੇ ਖੋਲ੍ਹ ਵੀ ਦਿੱਤਾ ਗਿਆ।

ਇਸ ਦੌਰਾਨ 90 ਚਾਰਜਿਜ਼ ਲਾਏ ਗਏ, 46 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ 37 ਵ੍ਹੀਕਲ ਜ਼ਬਤ ਕੀਤੇ ਗਏ। ਇਸ ਤਰ੍ਹਾਂ ਦੇ ਮੁਜ਼ਾਹਰਿਆਂ ਨੂੰ ਰੋਕਣ ਲਈ ਪੁਲਿਸ ਵੱਲੋਂ ਹੁਰੌਨ ਚਰਚ ਦੇ ਪੂਰਬ-ਪੱਛਮ ਵਾਲੀਆਂ ਰੋਡਜ਼ ਉੱਤੇ ਬੈਰੀਕੇਡ ਲਾ ਦਿੱਤੇ ਗਏ ਹਨ।


NOW HIRING !!! ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home | Auto | Business | Trucking | Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Locations: Woodbridge, Mississauga, Scarborough
YES! Immigration Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
iccrc Raj Narang Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor 416-724-5000

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Dubai Jewellers
10% additional discount on gold and upto 50% on diamond.
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Raj & Gulshan Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration | Real Estate | Family Law | Business Closing | Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential | Commercial | Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic.12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Business Law
- Family Law
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
$25/mo.
1 Promenade Circle, Thornhill
379 Main St. North, Brampton
2456 Lake Shore Blvd West, Etobicoke
chatr™
AUTHORIZED DEALER
Offer subject to change without notice. Get up to 500MB of data on the Talk, Text and Data Plan. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2022

# ਆਪ ਪਾਰਟੀ ਤੇ ਕੇਜਰੀਵਾਲ ਵੀ ਕੈਪਟਨ ਅਮਰਿੰਦਰ ਸਿੰਘ ਵਾਂਗ ਧੋਖਾ ਦੇਣਗੇ : ਸੁਖਬੀਰ

ਮੋਗਾ, 16 ਫਰਵਰੀ, (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਮ ਆਦਮੀ ਪਾਰਟੀ ਅਤੇ ਇਸਦੇ ਮੁਖੀ ਅਰਵਿੰਦ ਕੇਜਰੀਵਾਲ ਉੱਤੇ ਵਿਸ਼ਵਾਸ ਨਾ ਕਰਨ, ਕਿਉਂਕਿ ਉਹ ਵੀ ਕੈਪਟਨ ਅਮਰਿੰਦਰ ਸਿੰਘ ਵਾਂਗ ਵੱਡੇ-ਵੱਡੇ ਵਾਅਦੇ ਕਰ ਕੇ ਧੋਖਾ ਕਰਨਗੇ।



ਵਿਧਾਨ ਸਭਾ ਹਲਕਾਅਕਾਲੀ ਉਮੀਦਵਾਰ ਧਰਮਕੋਟ ਤੋਂ ਜਥੇਦਾਰ ਤੋਤਾ ਸਿੰਘ ਅਤੇ ਨਿਹਾਲ ਸਿੰਘ ਵਾਲਾ ਤੋਂ ਬਲਵਿੰਦਰ ਸਿੰਘ ਮਾਣੂਕੇ ਦੇ ਹੱਕ ਵਿਚ ਚੋਣ ਇਕੱਠਾਂ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੇਜਰੀਵਾਲ ਇੱਕ ਮੌਕਾ ਮੰਗ ਕੇ ਪੰਜਾਬ ਦੇ ਲੋਕਾਂ ਨੂੰ ਧੋਖਾ ਦੇਣ ਦੇ ਯਤਨ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਸੱਚਾਈ ਇਹ ਹੈ ਕਿ ਪੰਜਾਬੀਆਂ ਨੇ 2017 ਵਿੱਚ ਆਮ ਆਦਮੀ ਪਾਰਟੀ ਨੂੰ ਮੌਕਾ ਦਿੱਤਾ ਅਤੇ ਇਸਦੇ 20 ਵਿਧਾਇਕ ਜਿਤਾ ਕੇ ਇਸ ਨੂੰਵਿਧਾਨ ਸਭਾ ਦੀ ਮੁੱਖ ਵਿਰੋਧੀ ਧਿਰ ਬਣਾਇਆ ਸੀ, ਪਰ ਪੰਜਾਬੀਆਂ ਦੀ ਭਲਾਈ ਲਈ ਕੁਝ ਕੰਮ ਕਰਨ ਦੇ ਥਾਂ ਇਸ ਦੇ 20 ਵਿੱਚੋਂ 11 ਵਿਧਾਇਕ ਕਾਂਗਰਸ ਵਿੱਚ ਜਾ ਮਿਲੇ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਉੱਤੇ ਮੁੜ ਕੇ ਵਿਸ਼ਵਾਸ ਕਰਕੇ ਤੁਸੀਂਇਸਨੂੰ ਆਪਣੀਆਂ ਵੋਟਾਂ ਨਹੀਂ ਦੇ ਸਕਦੇ।

ਆਮ ਆਦਮੀ ਪਾਰਟੀ ਦੇ ਵਾਅਦਿਆਂ ਬਾਰੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬੀਆਂ ਨੂੰ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਦਿੱਲੀ ਮਾਡਲ ਦਾ ਅਰਥ ਹੈ ਕਿ ਕਿਸਾਨਾਂ ਨੂੰ ਮਿਲਦੀ ਮੁਫਤ ਬਿਜਲੀ ਬੰਦ ਹੋ ਜਾਵੇਗੀ।ਉਨ੍ਹਾਂ ਕਿਹਾ ਕਿ ਇਸ ਪਾਰਟੀ ਨੇ ਅਕਾਲੀ ਦਲ ਵੱਲੋਂ ਸ਼ੁਰੂ ਕੀਤੀਆਂ ਬੁਢਾਪਾ ਪੈਨਸ਼ਨ, ਆਟਾ ਦਾਲ ਸਕੀਮ, ਸ਼ਗਨ ਸਕੀਮ ਆਦਿ ਸਮਾਜ ਭਲਾਈ ਯੋਜਨਾਵਾਂ ਦਿੱਲੀ ਵਿੱਚ ਨਹੀਂ ਸੀ ਚਲਾਈਆਂ ਤਾਂ ਇਹ ਵੀ ਗਰੰਟੀ ਨਹੀਂ ਕਿ ਇਹ ਪੰਜਾਬ ਵਿਚ ਕੀਤੇ ਵਾਅਦੇ ਲਾਗੂ ਕਰੇਗੀ।ਉਨ੍ਹਾਂ ਕਿਹਾ ਕਿ ਦਿੱਲੀ ਵਿਚ ਇਹ ਪਾਰਟੀ ਔਰਤਾਂ ਨੂੰ ਭਲਾਈ ਵਜੋਂ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਨਹੀਂ ਦੇ ਰਹੀ, ਪਰ ਪੰਜਾਬ ਦੀਆਂ ਔਰਤਾਂ ਲਈ ਇਹ ਵਾਅਦਾ ਕਰ ਦਿੱਤਾ ਹੈ।ਉਨ੍ਹਾਂ ਕਿਹਾ ਕਿ 'ਦਿੱਲੀ ਵਿੱਚ ਠੇਕੇ ਉੱਤੇ ਕੰਮ ਕਰਦੇ ਮੁਲਾਜ਼ਮ ਬੀਤੇ 8 ਸਾਲਾਂ ਤੋਂ ਰੈਗੂਲਰ ਹੋਣ ਲਈ ਧਰਨੇ ਦੇ ਰਹੇ ਹਨ। ਮੈਨੂੰ ਸਮਝ ਨਹੀਂ ਪੈਂਦਾ ਕਿ ਕੇਜਰੀਵਾਲ ਨੇ ਖੁਦ ਕਿਹਾ ਹੈ ਕਿ ਠੇਕੇ ਉੱਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਨਾਲ ਕੰਮ ਕਰਨਾ ਬੰਦ ਕਰ ਦਿੰਦੇ ਹਨ, ਫਿਰ ਉਹ ਪੰਜਾਬ ਦੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦੇ ਵਾਅਦੇ ਕਿਉਂ ਕਰਦਾ ਹੈ।'

ਪੰਜਾਬੀਆਂ ਨੂੰ ਆਮ ਆਦਮੀ ਪਾਰਟੀ ਬਾਰੇ ਚੌਕਸ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਸ ਜ਼ਿਲ੍ਹੇ ਦੇ ਨੌਜਵਾਨਾਂ ਨੇ ਪਹਿਲਾਂ ਕਿਸਾਨ ਅੰਦੋਲਨ ਵੇਲੇ ਇਸ ਪਾਰਟੀ ਦਾ ਪੰਜਾਬੀਆਂ ਵੱਲ ਵਿਹਾਰ ਵੇਖਿਆ ਸੀ।ਉਨ੍ਹਾਂ ਕਿਹਾ ਕਿ ਦਿੱਲੀ ਵਿਚ ਅੰਦੋਲਨ ਵੇਲੇ ਗ੍ਰਿਫਤਾਰ ਕੀਤੇ ਇੱਕ ਦਰਜਨ ਨੌਜਵਾਨਾਂ ਨਾਲ ਜੇਲ੍ਹ ਵਿੱਚ ਬਹੁਤ ਮਾੜਾ ਸਲੂਕ ਕੀਤਾ ਗਿਆ ਅਤੇ ਅਰਵਿੰਦ ਕੇਜਰੀਵਾਲ ਸਰਕਾਰ ਦੇ ਜੇਲ੍ਹ ਪ੍ਰਸ਼ਾਸਨ ਨੇ ਉਨ੍ਹਾਂ ਉੱਤੇ ਤਸ਼ੱਦਦ ਕੀਤਾ ਸੀ।

# ਆਸਟ੍ਰੇਲੀਆ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਦਰਵਾਜ਼ੇ ਖੋਲ੍ਹੇ

ਕੈਨਬਰਾ, 16 ਫਰਵਰੀ, (ਪੋਸਟ ਬਿਊਰੋ)- ਪੱਛਮੀ ਆਸਟ੍ਰੇਲੀਆ (ਡਬਲਊ ਏ) ਰਾਜ ਨੇ ਅੱਜ ਬੁੱਧਵਾਰ ਨੂੰ ਪਹਿਲਾਂ ਦਾਖਲਾ ਲੈ ਚੁੱਕੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਬੰਦ ਸਰਹੱਦਾਂ ਦੇ ਬਾਵਜੂਦ ਇਸ ਰਾਜ ਵਿੱਚ ਆਉਣ ਲਈ ਨਵੇਂ ਰੂਟ ਦਾ ਐਲਾਨ ਕੀਤਾ ਹੈ। ਇਹ ਨਵਾਂ ਰੂਟ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪਹਿਲਾਂ ਡਬਲਊ ਏ ਪ੍ਰਾਇਮਰੀ ਸਕੂਲ, ਸੈਕੰਡਰੀ ਸਕੂਲ, ਯੂਨੀਵਰਸਿਟੀ, ਕਾਲਜ ਅਤੇ ਤਕਨੀਕੀ ਕਾਲਜ ਵਿੱਚਆਉਣਲਈ ਖੁੱਲ੍ਹ ਦਿੰਦਾ ਹੈ ਅਤੇਵਿਦਿਆਰਥੀ ਜਾਂ ਆਸਟ੍ਰੇਲੀਆਈ ਸਰਕਾਰ ਵੱਲੋਂ ਮਿਥੇ ਅਰਾਈਵਲ ਕੈਪ ਵਾਲੇ ਰਾਜ ਵਿੱਚ ਸਿੱਧੀ ਉਡਾਣ ਭਰ ਸਕਦੇ ਹਨ ਜਾਂ ਅਸਿੱਧੇ ਤੌਰ ਉੱਤੇ ਕਿਸੇ ਹੋਰ ਰਾਜ ਜਾਂ ਖੇਤਰ ਵਿੱਚੋਂ ਲੰਘ ਸਕਦੇ ਹਨ।

ਇਸ ਸੰਬੰਧ ਵਿੱਚ ਦਿੱਤੀ ਜਾਣਕਾਰੀ ਮੁਤਾਬਕ ਵਿਦਿਆਰਥੀਆਂ ਨੂੰ ਰਵਾਨਗੀ ਤੋਂ ਪਹਿਲੇ 24 ਘੰਟਿਆਂ ਵਿੱਚ ਰੈਪਿਡ ਐਂਟੀਜੇਨ ਟੈਸਟ ਦੇ ਨੈਗੇਟਿਵ ਹੋਣ ਦੇ ਸਬੂਤ ਆਪਣੇ ਨਾਲ ਰੱਖਣੇ ਚਾਹੀਦੇ ਹਨ ਤੇ ਇਸ ਦੇਸ਼ ਵਿੱਚ ਪਹੁੰਚਣ ਤੋਂ ਬਾਅਦ ਡਬਲਊ ਏ ਪੁਲਸ ਜਾਂ ਡਬਲਊ ਏ ਡਿਪਾਰਟਮੈਂਟ ਆਫ਼ ਹੈਲਥ ਵੱਲੋਂਮਨਜ਼ੂਰ ਢੁਕਵੇਂ ਥਾਂ ਉੱਤੇ ਸੱਤ ਦਿਨ ਕੁਆਰਨਟੀਨ ਰਹਿਣ ਹੋਵੇਗ-ਾਅਤੇ ਆਉਣ ਵਾਲੇਸਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਘੱਟੋ-ਘੱਟ ਦੋ ਡੋਜ਼ ਜਾਂ ਤੀਸਰੀ ਡੋਜ਼ ਦਾ ਟੀਕਾਕਰਨ ਕੀਤਾ ਹੋਣਾ ਚਾਹੀਦਾ ਹੈ। ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਇਸ ਨਵੇਂ ਰੂਟਹੇਠ 6,000 ਤੱਕ ਅੰਤਰਰਾਸ਼ਟਰੀ ਸਟੂਡੈਂਟਸ ਨੂੰ ਏਥੇ ਆਉਣ ਦੀ ਇਜਾਜ਼ਤ ਦਿੱਤੀ ਜਾਵੇਗੀ।

# ਬਿਨਾਂ ਮੁਕਾਬਲੇ ਤੋਂ ਓਨਟਾਰੀਓ ਪੁਲਿਸ ਬੋਰਡ ਨੇ ਹਾਇਰ ਕੀਤਾ ਨਵਾਂ ਪੁਲਿਸ ਚੀਫ

ਓਟਵਾ, 16 ਫਰਵਰੀ (ਪੋਸਟ ਬਿਊਰੋ) : ਕਿਸੇ ਮੁਕਾਬਲੇ ਤੋਂ ਬਿਨਾਂ ਹੀ ਓਟਵਾ ਪੁਲਿਸ ਸਰਵਿਸਿਜ਼ ਬੋਰਡ ਦੇ ਚੇਅਰ ਨੇ ਨਵੇਂ ਪੁਲਿਸ ਚੀਫ ਨੂੰ ਹਾਇਰ ਕਰ ਲਿਆ।




ਸੂਤਰਾਂ ਨੇ ਦੱਸਿਆ ਕਿ ਸਾਬਕਾ ਪੁਲਿਸ ਚੀਫ ਪੀਟਰ ਸਲੋਲੀ ਨੂੰ ਹਟਾਉਣ ਲਈ ਡਾਇਨ ਡੀਨਜ਼ ਬੋਰਡ ਕੋਲ ਗਈ। ਇਸ ਤੋਂ ਬਾਅਦ ਡੀਨਜ਼ ਤੇ ਬੋਰਡ ਨੇ ਬਿਨਾਂ ਮੁਕਾਬਲੇਬਾਜ਼ੀ ਤੋਂ ਦੱਖਣੀ ਓਨਟਾਰੀਓ ਤੋਂ ਨਵੇਂ ਅੰਤਰਿਮ ਚੀਫ ਨੂੰ ਹਾਇਰ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਸੂਤਰਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਬੋਰਡ ਵੱਲੋਂ ਸਾਬਕਾ ਵਾਟਰਲੂ ਪੁਲਿਸ ਚੀਫ ਮੈਥਿਊ ਟੋਰੀਜੀਅਨ ਨੂੰ ਹਾਇਰ ਕੀਤਾ ਗਿਆ ਹੈ।

ਟੋਰੀਜੀਅਨ ਨੇ 29 ਸਾਲ ਵਾਟਰਲੂ ਪੁਲਿਸ ਸਰਵਿਸ ਵਿੱਚ ਕੰਮ ਕੀਤਾ, ਜਿਨ੍ਹਾਂ ਵਿੱਚੋਂ 2007 ਤੋਂ 2014 ਤੱਕ ਉਹ ਸੱਤ ਸਾਲ ਤੱਕ ਚੀਫ ਵੀ ਰਹੇ। ਫਿਰ ਉਹ ਓਨਟਾਰੀਓ ਪਬਲਿਕ ਸਰਵਿਸ ਵਿੱਚ ਚਲੇ ਗਏ। ਉਨ੍ਹਾਂ ਨੂੰ ਪੁਲਿਸ ਚੀਫ ਵਜੋਂ ਹਾਇਰ ਕਰਨ ਦੀ ਗੱਲ ਕਾਊਂਸਲ ਮੈਂਬਰਾਂ ਨੂੰ ਵੀ ਨਹੀਂ ਦੱਸੀ ਗਈ।

ਮੇਅਰ ਜਿੰਮ ਵਾਟਸਨ ਨੂੰ ਜਦੋਂ ਇਸ ਯੋਜਨਾ ਦਾ ਪਤਾ ਲੱਗਿਆ ਤਾਂ ਉਨ੍ਹਾਂ ਡੀਨਜ਼ ਨੂੰ ਅਸਤੀਫਾ ਦੇਣ ਲਈ ਆਖਿਆ ਪਰ ਉਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਵਾਟਸਨ ਉਸ ਨੂੰ ਬੋਰਡ ਤੋਂ ਹਟਾਉਣ ਲਈ ਜ਼ੋਰ ਲਾ ਰਹੇ ਹਨ। ਓਟਵਾ ਪੁਲਿਸ ਸਰਵਿਸਿਜ਼ ਬੋਰਡ ਦੇ ਸੱਤ ਵਿੱਚੋਂ ਚਾਰ ਮੈਂਬਰਾਂ ਨੂੰ ਸਿਟੀ ਕਾਊਂਸਲ ਨਿਯੁਕਤ ਕਰਦੀ ਹੈ। ਕਾਊਂਸਲ ਉਨ੍ਹਾਂ ਨੂੰ ਹਟਾਉਣ ਲਈ ਵੋਟ ਵੀ ਕਰ ਸਕਦੀ ਹੈ।

ਜ਼ਿਕਰਯੋਗ ਹੈ ਕਿ ਡੀਨਜ਼ ਨੂੰ ਓਟਵਾ ਪੁਲਿਸ ਸਰਵਿਸਿਜ਼ ਬੋਰਡ ਦੀ ਚੇਅਰ ਦੇ ਅਹੁਦੇ ਤੋਂ ਹਟਾਅ ਦਿੱਤਾ ਗਿਆ ਹੈ ਜਦਕਿ ਕਾਊਂਸਲਰ ਰਾਅਲਸਨ ਕਿੰਗ ਤੇ ਸੈਂਡੀ ਸਮਾਲਵੁੱਡ ਵੱਲੋਂ ਬੋਰਡ ਤੋਂ ਅਸਤੀਫਾ ਦੇ ਦਿੱਤਾ ਗਿਆ ਹੈ।

# ਮੁੱਖ ਮੰਤਰੀ ਚੰਨੀ ਵੱਲੋਂ ਸਫਾਈ : ਮੈਂ ਤਾਂ ਆਪ ਪਾਰਟੀ ਵਾਲਿਆਂ ਨੂੰ 'ਭਈਆ' ਆਖਿਆ ਸੀ

ਅੰਮ੍ਰਿਤਸਰ, 16 ਫਰਵਰੀ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਮੰਗਲਵਾਰ ਨੂੰ ਉੱਤਰ ਪ੍ਰਦੇਸ਼ ਤੇ ਬਿਹਾਰ ਆਦਿ ਰਾਜਾਂ ਦੇ ਲੋਕਾਂ ਬਾਰੇ ਕੀਤੀ ਟਿਪਣੀ ਨਾਲ ਵਿਵਾਦ ਖੜਾ ਹੋ ਗਿਆ ਹੈ।ਅਸਲ ਵਿੱਚਮੁੱਖ ਮੰਤਰੀ ਚੰਨੀ ਨੇ ਕਾਂਗਰਸ ਦੀ ਕੌਮੀ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਨਾਲ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਭਾਜਪਾ ਤੇ ਆਮ ਆਦਮੀ ਪਾਰਟੀ ਉੱਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਸੀ, 'ਯੂ ਪੀ, ਬਿਹਾਰ, ਦਿੱਲੀ ਦੇ ਭਈਆਂ ਨੂੰ ਪੰਜਾਬ ਵਿੱਚ ਨਾ ਆਉਣ ਦਿਓ।' ਜਦੋਂ ਚੰਨੀ ਇਹ ਬਿਆਨ ਦੇ ਰਹੇ ਸਨ ਤਾਂ ਪ੍ਰਿਅੰਕਾ ਗਾਂਧੀ ਕੋਲ ਖੜੀ ਸੀਅਤੇ ਪ੍ਰਿਅੰਕਾ ਗਾਂਧੀ ਸਮੇਤ ਕਾਂਗਰਸੀਆਂ ਨੇ ਤਾੜੀਆਂ ਮਾਰੀਆਂ ਸਨ।



ਜਦੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਇਸ ਟਿਪਣੀ ਕਾਰਨ ਵਿਵਾਦ ਵਧ ਗਿਆ ਤਾਂ ਅੱਜ ਇੱਕ ਟੀ ਵੀ ਚੈਨਲ ਨਾਲ ਗੱਲਬਾਤ ਦੌਰਾਨ ਚੰਨੀ ਨੇ ਸਫਾਈ ਦੇਂਦਿਆਂ ਕਿਹਾ ਕਿ 'ਮੈਂ ਕੇਜਰੀਵਾਲ ਲਈ ਬਾਹਰੀ ਸ਼ਬਦ ਦੀ ਵਰਤੋਂ ਕੀਤੀ ਸੀ। ਆਮ ਆਦਮੀ ਪਾਰਟੀ ਦਾ ਮੁਖੀ ਅਰਵਿੰਦ ਕੇਜਰੀਵਾਲ ਹਰਿਆਣਾ ਦਾ ਹੈ ਤੇ ਸਾਡੀ ਉਨ੍ਹਾਂ ਨਾਲ ਪਾਣੀ ਦੀ ਲੜਾਈ ਹੈ।' ਮੁੱਖ ਮੰਤਰੀ ਚੰਨੀ ਨੇ ਇਹ ਵੀ ਕਿਹਾ ਕਿ 'ਪਰਵਾਸੀ ਮਜ਼ਦੂਰ ਤਾਂ ਸਾਡੇ ਆਪਣੇ ਹਨ।ਉਨ੍ਹਾਂ ਦਾ ਆਪਣਾ ਪੰਜਾਬ ਹੈ। ਮੈਂ ਪਰਵਾਸੀ ਮਜ਼ਦੂਰਾਂ ਬਾਰੇ ਕੁਝ ਨਹੀਂ ਕਿਹਾ। ਮੈਂ ਇਹ ਅਰਵਿੰਦ ਕੇਜਰੀਵਾਲ ਅਤੇ ਰਾਘਵ ਚੱਢਾ ਵਰਗੇ ਲੋਕਾਂ ਬਾਰੇ ਕਿਹਾ ਸੀ, ਜਿਹੜੇ ਪੰਜਾਬ ਆਣ ਕੇ ਕਬਜ਼ਾ ਕਰਨਾ ਚਾਹੁੰਦੇ ਹਨ।'

ਵਰਣਨ ਯੋਗ ਹੈ ਕਿ ਚਰਨਜੀਤ ਸਿੰਘ ਚੰਨੀ ਦੇ ਇਸ ਵਿਵਾਦਤ ਬਿਆਨ ਵਾਲਾ ਵੀਡੀਓ ਭਾਜਪਾ ਪਾਰਲੀਮੈਂਟ ਮੈਂਬਰ ਤੇਜੱਸਵੀ ਸੂਰੀਆ ਨੇ ਸ਼ੇਅਰ ਕੀਤਾ ਸੀ, ਜਿਸ ਵਿੱਚਮੁੱਖ ਮੰਤਰੀ ਪੰਜਾਬੀ ਵਿੱਚ ਕਹਿ ਰਹੇ ਹਨ ਕਿ'ਪ੍ਰਿਅੰਕਾ ਗਾਂਧੀ ਪੰਜਾਬ ਦੀ ਨੂੰਹ ਹੈ। ਉਹ ਪੰਜਾਬੀ ਹੈ। ਯੂ ਪੀ, ਬਿਹਾਰ ਤੇ ਦਿੱਲੀ ਦੇ ਇਨ੍ਹਾਂ ਭਈਆਂ ਨੂੰ ਏਥੇ ਦਾਖਲ ਨਹੀਂ ਹੋਣ ਦੇਣਾ ਚਾਹੀਦਾ।' ਇਸ ਵੀਡੀਓ ਨੂੰ ਸ਼ੇਅਰ ਕਰਦੇ ਹੋਏ ਸੂਰੀਆ ਨੇ ਲਿਖਿਆ, 'ਪ੍ਰਿਅੰਕਾ ਵਾਡਰਾ ਜੀ ਉੱਤਰ ਪ੍ਰਦੇਸ਼ ਆ ਕੇ ਖੁਦ ਨੂੰ ਯੂ ਪੀ ਦੀ ਬੇਟੀ ਦੱਸਦੀ ਹੈ ਅਤੇ ਪੰਜਾਬ ਵਿੱਚ ਉੱਤਰ ਪ੍ਰਦੇਸ਼-ਬਿਹਾਰ ਦੇ ਲੋਕਾਂ ਦੇ ਅਪਮਾਨ ਉੱਤੇ ਤਾੜੀ ਮਾਰਦੀ ਹੈ, ਇਹ ਉਨ੍ਹਾਂ ਦਾ ਦੋਹਰਾ ਕਿਰਦਾਰ ਅਤੇ ਚਿਹਰਾ ਹੈ।'
















## ਅੱਜ ਨਾਮਾ

ਘੁੰਮਦਾ ਚੋਣ ਦਾ ਚੱਕਰ ਤਾਂ ਘੁੰਮੀ ਜਾਊ,
ਜਦ ਤੱਕ ਆਈ ਤਰੀਕ ਨਾ ਵੀਹ ਬੇਲੀ।
ਕੋਈ ਕਿਸੇ ਦਾ ਕਹਿੰਦਾ ਹੈ ਜ਼ੋਰ ਬਾਹਲਾ,
ਆਖਦੇ ਕਿਸੇ ਨੇ ਪਾਈ ਪਈ ਲੀਹ ਬੇਲੀ।
ਉਹ ਵੀ ਲੋਕਾਂ ਵਿੱਚ ਅੱਡਦਾ ਹੱਥ ਦੇਖੋ,
ਜਿਸ ਦੇ ਕੋਲ ਆ ਦੌਲਤ ਵਸੀਹ ਬੇਲੀ।
ਜੋ ਵੀ ਸਾਨ੍ਹਾਂ ਦੇ ਭੇੜ ਵਿਚਕਾਰ ਫਸਿਆ,
ਦੇਣਾ ਈ ਚੋਣਾਂ ਦੇ ਚੱਕਰ ਨੇ ਪੀਹ ਬੇਲੀ।
ਹੁੰਗਾਰਾ ਲੋਕ ਤਾਂ ਭਰਨ ਪਏ ਸਾਰਿਆਂ ਨੂੰ,
ਦਰਾਂ ਤੋਂ ਜਾਵੇ ਨਹੀਂ ਕੋਈ ਨਾਰਾਜ਼ ਬੇਲੀ।
ਆਉਣਾ ਕਿਸੇ ਨਹੀਂ ਵੀਹ ਤਰੀਖ ਮਗਰੋਂ,
ਕਰਨਾ ਆਗੂ ’ਤੇ ਕਾਹਦਾ ਹੈ ਨਾਜ਼ ਬੇਲੀ।

**ਤੀਸ ਮਾਰ ਖਾਂ**

# ਅੰਮ੍ਰਿਤਸਰ ਦੇ ਕਾਂਗਰਸੀ ਮੇਅਰ ਕਰਮਜੀਤ ਰਿੰਟੂ ਆਪ ਪਾਰਟੀ ਵਿਚ ਸ਼ਾਮਲ



ਚੰਡੀਗੜ੍ਹ, 16 ਫਰਵਰੀ, (ਪੋਸਟ ਬਿਊਰੋ)- ਅੰਮ੍ਰਿਤਸਰ ਦੇ ਮੇਅਰ ਕਰਮਜੀਤ ਸਿੰਘ ਰਿੰਟੂਅੱਜ ਏਥੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ। ਚੰਡੀਗੜ੍ਹ ਵਿਚ ਪ੍ਰੈੱਸ ਕਾਨਫਰੰਸ ਮੌਕੇ ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਤੇ ਪੰਜਾਬ ਲਈਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਭਗਵੰਤ ਮਾਨ ਨੇ ਮੇਅਰ ਰਿੰਟੂ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ।

ਇਸ ਮੌਕੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਵਿਚ ਵਪਾਰੀਆਂ ਦਾ ਬੁਰਾ ਹਾਲ ਹੈ, ਗਲਤ ਕੇਸ ਦਰਜ ਕੀਤੇ ਗਏ ਹਨ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਆ ਗਈਤਾਂ ਰੱਦ ਕੀਤੇ ਜਾਣਗੇ।ਉਨ੍ਹਾ ਕਿਹਾ ਕਿ ਕਾਂਗਰਸ ਅਤੇ ਅਕਾਲੀਆਂ ਦੇ ਇਸ ਵਿਹਾਰ ਕਾਰਨ ਲੋਕ ਆਮ ਆਦਮੀ ਪਾਰਟੀ ਵਿੱਚ ਆ ਰਹੇ ਹਨ।

ਵਰਨਣ ਯੋਗ ਹੈ ਕਿ ਅੰਮ੍ਰਿਤਸਰ ਦੇ ਮੇਅਰ ਕਰਮਜੀਤ ਸਿੰਘ ਰਿੰਟੂਨੇ 2012 ਦੀਆਂ ਚੋਣਾਂ ਵੇਲੇ ਅੰਮ੍ਰਿਤਸਰ ਉੱਤਰੀ ਹਲਕੇ ਤੋਂ ਭਾਜਪਾ ਆਗੂ ਅਨਿਲ ਜੋਸ਼ੀ ਦੇ ਮੁਕਾਬਲੇ ਵਿਧਾਨ ਸਭਾ ਚੋਣ ਲੜੀ ਸੀ ਤੇ ਅਨਿਲ ਜੋਸ਼ੀ ਨੇ ਮੇਅਰ ਰਿੰਟੂ ਨੂੰ ਹਰਾ ਕੇ ਪੰਜਾਬ ਦੇ ਮੰਤਰੀ ਦਾ ਅਹੁਦਾ ਹਾਸਲ ਕੀਤਾ ਸੀ। ਸਾਲ 2017 ਵਿੱਚ ਰਿੰਟੂ ਨੇ ਫਿਰ ਉੱਤਰੀ ਹਲਕੇ ਤੋਂ ਟਿਕਟ ਦਾ ਦਾਅਵਾ ਕੀਤਾ, ਪਰ ਉਨ੍ਹਾਂ ਨੂੰ ਟਿਕਟ ਨਹੀਂ ਸੀ ਮਿਲੀ ਅਤੇ ਸੁਨੀਲ ਦੱਤੀ ਨੂੰ ਦੇ ਦਿੱਤੀ ਗਈ ਸੀ। ਇਸ ਵਕਤ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਕਰਮਜੀਤ ਸਿੰਘਰਿੰਟੂ ਨਾਰਥ ਹਲਕੇ ਤੋਂ ਫਿਰ ਟਿਕਟ ਮੰਗਦੇ ਸਨ, ਪਰ ਉਨ੍ਹਾਂ ਨਾਂਹ ਕਰ ਦਿੱਤੀ ਜਾਣ ਕਾਰਨ ਉਹ ਨਾਰਾਜ਼ ਸਨ ਅਤੇ ਅੱਜ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।

# ਸਿੱਧੂ ਮੂਸੇਵਾਲਾ ਨੂੰ ਝਟਕਾ: ਚੋਣਾਂ ਤੋਂ ਪਹਿਲਾਂ ਕਾਂਗਰਸੀ ਉਮੀਦਵਾਰ ਨੂੰ ਕੋਰਟ ਦਾ ਜਵਾਬ ਤਲਬੀ ਨੋਟਿਸ ਜਾਰੀ



ਚੰਡੀਗੜ੍ਹ, 16 ਫਰਵਰੀ, (ਪੋਸਟ ਬਿਊਰੋ)- ਆਪਣੇ ਕੁਝ ਵਿਵਾਦਤ ਗੀਤਾਂ ਨਾਲ ਚਰਚਾ ਵਿੱਚ ਰਹਿਣ ਵਾਲੇ ਪੰਜਾਬੀ ਗਾਇਕ ਤੇ ਮਾਨਸਾ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਉਮੀਦਵਾਰ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦੀ ਮੁਸ਼ਕਲ ਵਧ ਸਕਦੀ ਹੈ। ਚੰਡੀਗੜ੍ਹ ਜ਼ਿਲਾ ਅਦਾਲਤ ਨੇ ਕੱਲ੍ਹ ਮੰਗਲਵਾਰ ਇੱਕ ਸਿਵਲ ਕੇਸ ਵਿੱਚ ਨੋਟਿਸ ਜਾਰੀ ਕਰਕੇ ਸਿੱਧੂ ਮੂਸੇਵਾਲਾ ਤੋਂ 2 ਮਾਰਚ ਤੱਕ ਉਸ ਦੇ ਗੀਤ ਬਾਰੇ ਜਵਾਬ ਮੰਗਿਆ ਹੈ।

ਜ਼ਿਲਾ ਅਦਾਲਤ ਦੇ ਵਕੀਲ ਸੁਨੀਲ ਮੱਲ੍ਹਣ ਵੱਲੋਂ ਦਾਇਰ ਕੀਤੀ ਪਟੀਸ਼ਨ ਮੁਤਾਬਕ ਸਿੱਧੂਮੂਸੇਵਾਲਾ ਦੇ ਗੀਤ ‘ਸੰਜੂ’ਵਿੱਚ ਵਕੀਲਾਂ ਬਾਰੇ ਇਤਰਾਜ਼ਯੋਗ ਸ਼ਬਦ ਵਰਤੇ ਗਏ ਤੇ ਜਾਣਬੁੱਝ ਕੇ ਵਕੀਲ ਭਾਈਚਾਰੇ ਦਾ ਅਕਸ ਖ਼ਰਾਬ ਕਰਨ ਦਾ ਕੰਮ ਕੀਤਾ ਗਿਆ ਹੈ। ਪਟੀਸ਼ਨਰ ਨੇ ਕਿਹਾ ਕਿਮੂਸੇਵਾਲਾ ਨੇ ਜਾਣਬੁੱਝ ਕੇ ਗਲਤ ਨੀਤ ਨਾਲ ਇਹ ਗੀਤ ਜਾਰੀ ਕੀਤਾ ਤੇ ਨਿਆਂ ਪ੍ਰਣਾਲੀ ਦਾ ਅਕਸ ਖਰਾਬ ਕਰਨ ਦਾ ਕੰਮ ਕੀਤਾ ਹੈ।ਇਸ ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਮੂਸੇਵਾਲਾ ਨੂੰ ਆਦੇਸ਼ ਜਾਰੀ ਕੀਤਾ ਜਾਵੇ ਕਿ ‘ਸੰਜੂ’ ਗੀਤ ਤੋਂ ਕਮਾਏ ਹੋਏ ਪੈਸੇ ਵਕੀਲਾਂ ਨੂੰ ਮੁਆਵਜ਼ੇ ਵਜੋਂ ਬਾਰ ਕੌਂਸਲ ਆਫ਼ ਪੰਜਾਬ ਤੇ ਹਰਿਆਣਾ ਦੇ ਐਡਵੋਕੇਟ ਵੈਲਫ਼ੇਅਰ ਫੰਡ ਵਿੱਚ ਜਮ੍ਹਾਂ ਕਰਾਏ ਜਾਣ। ਇਸ ਦੇ ਨਾਲ ਦੋਸ਼ ਹੈ ਕਿ ਉਹ ਗੀਤਾਂ ਰਾਹੀਂ ਬਾਰਡਰ ਸਟੇਟ (ਪੰਜਾਬ) ਦੇ ਨੌਜਵਾਨਾਂ ਨੂੰ ਹਿੰਸਾ ਅਤੇ ਦੰਗਿਆਂ ਲਈ ਭੜਕਾਉਂਦਾ ਹੈ।ਸਿੱਧੂ ਮੂਸੇਵਾਲਾ ਉੱਤੇ ਬੰਦੂਕ ਕਲਚਰ ਨੂੰ ਉਤਸ਼ਾਹਿਤ ਕਰਨ ਦਾ ਵੀ ਦੋਸ਼ ਹੈ ਤੇ ‘ਸੰਜੂ’ ਗੀਤ ਵਿੱਚਉਹ ਗੰਦੀ ਸ਼ਬਦਾਵਲੀ ਦੀ ਵਰਤੋਂ ਕਰਦੇ ਨਜ਼ਰ ਆ ਰਹੇ ਹਨ। ਇਸ ਪਟੀਸ਼ਨ ਵਿੱਚ ਮੂਸੇਵਾਲਾਦੀ ਇਸ ਹਰਕਤ ਨੂੰ ਇੰਡੀਅਨ ਪੀਨਲ ਕੋਡ, ਆਰਮਜ਼ ਐਕਟ ਅਤੇ ਸੂਚਨਾ ਟੈਕਨਾਲੋਜੀ ਐਕਟ ਦੀਆਂ ਧਾਰਾਵਾਂ ਹੇਠ ਅਪਰਾਧ ਦੱਸਿਆ ਗਿਆਤੇ ਇਨ੍ਹਾਂ ਵਿੱਚਦੇਸ਼ ਵਿਰੋਧੀ ਕਾਰਵਾਈਆਂ, ਅਪਰਾਧਿਕ ਸਾਜ਼ਿਸ਼, ਧਾਰਮਿਕ ਭਾਵਨਾਵਾਂ ਭੜਕਾਉਣਾ, ਅਕਸ ਨੂੰ ਠੇਸ ਲਾਉਣਾ, ਡਰਾਉਣਾ ਆਦਿ ਸ਼ਾਮਲ ਹਨ।ਮੂਸੇਵਾਲਾਵਿਰੁੱਧਇਸ ਕੇਸਵਿੱਚ ਉਸ ਦੇ ਨਾਲ‘ਸੰਜੂ’ ਗੀਤ ਦੇ ਮਿਊਜ਼ਿਕ ਡਾਇਰੈਕਟਰ ਗਗਨਦੀਪ ਸਿੰਘ, ਵੀਡੀਓ ਡਾਇਰੈਕਟਰ ਨਵਕਿਰਨ ਬਰਾੜ ਅਤੇ ਹੋਰਨਾਂ ਨੂੰ ਵੀ ਧਿਰ ਬਣਾਇਆ ਗਿਆ ਹੈ।

ਪਟੀਸ਼ਨਰ ਦੇ ਦੱਸਣ ਅਨੁਸਾਰ ਮੂਸੇਵਾਲਾ ਨੂੰ ਬਰਨਾਲਾ ਜ਼ਿਲੇ ਵਿੱਚ ਏਕੇ-47 ਰਾਈਫਲ ਚਲਾਉਂਦੇ ਵੇਖਿਆ ਗਿਆ ਸੀ। ਉਸ ਦੀ ਵੀਡੀਓ ਵਾਇਰਲ ਹੋਣ ਪਿੱਛੋਂ ਪੰਜਾਬ ਪੁਲਿਸ ਨੇ ਉਸ ਉੱਤੇ ਕੇਸ ਦਰਜ ਕੀਤਾ ਸੀ ਤੇਮੂਸੇਵਾਲਾ ਵਿਰੁੱਧ ਫ਼ਰਵਰੀ 2020 ਵਿੱਚ ਮਾਨਸਾ ਵਿੱਚ ਗੀਤਾਂ ਰਾਹੀਂ ਅਸ਼ਲੀਲ ਸ਼ਬਦਾਂ ਦੀ ਵਰਤੋਂ ਕਰਨ ਦਾ ਕੇਸ ਦਰਜ ਕੀਤਾ ਗਿਆ ਸੀ। ਸੰਗਰੂਰ ਜ਼ਿਲੇ ਵਿੱਚ ਵੀ ਕੇਸ ਦਰਜ ਹੋਇਆ ਸੀ।ਇੱਕ ਅਪਰਾਧਿਕ ਕੇਸ ਵਿੱਚ ਜ਼ਮਾਨਤ ਮਿਲਣ ਉੱਤੇਮੂਸੇਵਾਲਾ ਨੇ ਵਾਅਦਾ ਕੀਤਾ ਸੀ ਕਿ ਉਹ ਅਜਿਹੇ ਭੱਦੇ ਗੀਤ ਨਹੀਂ ਗਾਉਣਗੇ, ਪਰ ਜ਼ਮਾਨਤ ਮਿਲਣ ਮਗਰੋਂ ਉਨ੍ਹਾਂ ਨੇ ਮੁੜ ਅਜਿਹੇ ਗੀਤ ਗਾਏ ਹਨ, ਇਸ ਲਈ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

# ਰੇਤ ਮਾਫੀਆ ਦੇ ਮੁੱਦੇ ਉੱਤੇ ਕੈਪਟਨ ਅਮਰਿੰਦਰ ਨੇ ਕਿਹਾ: ਮੈਂ ਸੋਨੀਆ ਗਾਂਧੀ ਨੂੰ ਦੱਸਿਆ ਸੀ



ਚੰਡੀਗੜ੍ਹ, 16 ਫਰਵਰੀ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਨਵੀਂ ਬਣੀ ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਇੱਕ ਟੀ ਵੀ ਚੈਨਲ ਦੇ ਖਾਸ ਗੱਲਬਾਤ ਵਿੱਚ ਕਿਹਾ ਕਿ ‘ਕਾਂਗਰਸ ਨੂੰ ਹਰਾਉਣ ਦੇ ਲਈ ਨਹੀਂ, ਅਸੀਂ ਖੁਦ ਜਿੱਤਣ ਲਈ ਚੋਣ ਲੜ ਰਹੇ ਹਾਂ।’ ਕੈਪਟਨ ਅਮਰਿੰਦਰ ਸਿੰਘ ਨੇ ਨਵਜੋਤ ਸਿੰਘ ਸਿੱਧੂ ਬਾਰੇ ਕਿਹਾ ਕਿ ‘ਮੈਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਕਿਹਾ ਸੀ ਕਿ ਸਿੱਧੂ ਬੇੜਾ ਗਰਕ ਕਰੇਗਾ।’ ਕੈਪਟਨ ਨੇ ਦੱਸਿਆ ਕਿ ਨਵਜੋਤ ਸਿੰਘਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਵਿੱਚ ਰਾਹੁਲ-ਪ੍ਰਿਅੰਕਾ ਦੀ ਭੂਮਿਕਾ ਸੀਅਤੇ ਇਸ ਫੈਸਲੇ ਪਿੱਛੋਂ ਰਾਹੁਲ-ਪ੍ਰਿਅੰਕਾ ਨੂੰ ਰਾਜਨੀਤੀ ਬਾਰੇ ਹੋਰ ਸਿੱਖਣਾ ਪਵੇਗਾ।

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਦੇ ਕਾਂਗਰਸ ਦਾ ਪੰਜਾਬ ਦਾ ਪ੍ਰਧਾਨ ਬਣਨ ’ਤੇ ਕਾਂਗਰਸ ਵੰਡੀ ਗਈ ਹੈ।ਅਮਰਿੰਦਰ ਸਿੰਘ ਨੇ ਕਿਹਾ ਕਿ ਸੀਨੀਅਰ ਕਾਂਗਰਸੀ ਆਗੂਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ।ਰਾਹੁਲ ਗਾਂਧੀ ਵੱਲੋਂ ਇਹ ਕਹਿਣ ਕਿ ਕੈਪਟਨ ਅਮਰਿੰਦਰ ਸਿੰਘ ਭਾਜਪਾ ਨਾਲ ਰਲੇ ਹੋਏ ਹਨ, ਬਾਰੇ ਅਮਰਿੰਦਰ ਸਿੰਘ ਨੇ ਕਿਹਾ ਕਿ ‘ਨਰਾਜ਼ਗੀ ਇਹੋ ਸੀ ਕਿ ਮੈਂ ਆਪਣੇ ਦਿਲ ਦੀ ਗੱਲ ਕਰਦਾ ਅਤੇਕੌਮੀ ਮੁੱਦਿਆਂ ਉੱਤੇ ਪਾਰਟੀ ਲਾਈਨ ਦੇ ਬਾਹਰ ਬੋਲਦਾ ਸਾਂ।’ ਇਸ ਦੇ ਨਾਲ ਰਾਹੁਲ ਗਾਂਧੀ ਵੱਲੋਂ ਚਰਨਜੀਤ ਸਿੰਘ ਚੰਨੀ ਨੂੰ ਗਰੀਬ ਦੱਸਣ ਵਾਲੇ ਬਿਆਨ ਉੱਤੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ‘ਜੇ ਚੰਨੀ ਗਰੀਬ ਹੈ ਤਾਂ ਦੇਸ਼ ਵਿੱਚ ਕੋਈ ਗਰੀਬ ਰਿਹਾ ਹੀ ਨਹੀਂ, ਚੰਨੀ 170 ਕਰੋੜ ਰੁਪਏ ਦੀ ਪ੍ਰਾਪਰਟੀ ਦਾ ਮਾਲਕ ਹੈ।’ ਉਨ੍ਹਾਂਦੱਸਿਆ: ‘ਮੈਨੂੰ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਪੁੱਛਿਆ ਸੀ ਕਿ ਪੰਜਾਬ ਵਿੱਚ ਰੇਤੇ ਦਾ ਘਪਲਾ ਹੁੰਦਾ ਜਾਂ ਨਹੀਂ ਤਾਂ ਮੈਂ ਚਰਨਜੀਤ ਸਿੰਘ ਚੰਨੀ ਸਮੇਤ 43-44 ਨਾਵਾਂ ਦੀ ਲਿਸਟ ਲੈ ਗਿਆ। ਜਦੋਂ ਕੋਈ ਏਜੰਸੀ ਮੈਥੋਂ ਇਨ੍ਹਾਂ ਲੋਕਾਂ ਦੇ ਨਾਮ ਮੰਗੇਗੀ,ਮੈਂ ਸੂਚੀ ਦੇਵਾਂਗਾ।’

ਕੈਪਟਨ ਅਮਰਿੰਦਰ ਸਿੰਘ ਨੂੰ ਜਦੋਂ ਪੁੱਛਿਆ ਗਿਆ ਕਿ ਕੀ ਮੰਤਰੀ ਵਿਭਾਗਾਂ ਦੀਆਂ ਬਦਲੀਆਂ ਲਈ ਦਬਾਅ ਪਾਉਂਦੇ ਸੀ ਤਾਂ ਜਵਾਬ ਵਿੱਚ ਉਨ੍ਹਾ ਕਿਹਾ ਕਿ ‘ਸੁਖਜਿੰਦਰ ਰੰਧਾਵਾ ਨੇ ਖੁਦ ਦੋ ਵਾਰ ਵਿਭਾਗ ਚੇਂਜ ਕਰਵਾਇਆ ਸੀ।’ ਉਨ੍ਹਾ ਕਿਹਾ ਕਿ ਚਰਨਜੀਤ ਸਿੰਘ ਚੰਨੀ ਦੀ ਸਮਰੱਥਾ ਮਨਿਸਟਰੀ ਤੱਕ ਹੈ, ਮੁੱਖ ਮੰਤਰੀ ਦੀ ਨਹੀਂ।

# ਤਾਲਿਬਾਨ ਦੀ ਧਮਕੀ: ਅਮਰੀਕਾ ਸਾਡੀ ਜ਼ਬਤ ਜਾਇਦਾਦ ਵਾਪਸ ਕਰੇ, ਨਹੀਂ ਤਾਂ ਨੀਤੀ ਉੱਤੇ ਮੁੜ ਵਿਚਾਰ ਹੋਵੇਗਾ



ਕਾਬੁਲ, 16 ਫਰਵਰੀ, (ਪੋਸਟ ਬਿਊਰੋ)- ਤਾਲਿਬਾਨ ਨੇ ਅਮਰੀਕਾ ਨੂੰ ਧਮਕੀ ਦਿੱਤੀ ਹੈ ਕਿ ਜੇ ਅਫ਼ਗਾਨਿਸਤਾਨ ਦੀ ਸੱਤ ਅਰਬ ਡਾਲਰ ਦੀ ਸੀਜ਼ ਕੀਤੀ ਗਈ ਜਾਇਦਾਦਉਸ ਨੂੰ ਵਾਪਸ ਨਾ ਮਿਲੀ ਤਾਂ ਅਮਰੀਕਾ ਦੇ ਨਾਲ ਆਪਣੀ ਨੀਤੀ ਉੱਤੇ ਮੁੜ ਵਿਚਾਰ ਕੀਤਾ ਜਾਵੇਗਾ ਅਤੇ ਪਹਿਲੇ ਸਮਝੌਤੇ ਮੁੜ ਵਿਚਾਰੇ ਜਾਣਗੇ।

ਅਫ਼ਗਾਨਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਸਿੱਖਿਆ ਖੇਤਰ ਲਈ ਯੂਰਪੀ ਪ੍ਰਤੀਨਿਧਾਂ ਤੋਂ ਵੀ 1.1 ਕਰੋੜ ਡਾਲਰ ਦੀ ਮੰਗ ਕੀਤੀ ਹੈ।ਦੇਸ਼ ਉੱਤੇ ਕਾਬਜ਼ ਤਾਲਿਬਾਨ ਦੇ ਬੁਲਾਰੇ ਨੇ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਅਮਰੀਕਾ ਵਿੱਚ ਹੋਏ 11 ਸਤੰਬਰ ਦੇ ਹਮਲੇ ਨਾਲ ਅਫ਼ਗਾਨਿਸਤਾਨ ਦਾ ਕੋਈ ਲੈਣਾ-ਦੇਣਾ ਨਹੀਂ ਸੀ ਅਤੇ ਜੇ ਅਮਰੀਕਾ ਇਸ ਰੁਖ ਤੋਂ ਨਹੀਂ ਹਟਦਾ ਤਾਂ ਤਾਲਿਬਾਨ ਸਰਕਾਰਉਸ ਬਾਰੇ ਆਪਣੀ ਨੀਤੀ ਉੱਤੇ ਮੁੜ ਵਿਚਾਰ ਕਰਨ ਲਈ ਮਜਬੂਰ ਹੋਵੇਗੀ।

ਵਰਨਣ ਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਬੀਤੇ ਸ਼ੁੱਕਰਵਾਰ ਸੱਤ ਅਰਬ ਡਾਲਰ ਦੇ ਦੋ ਹਿੱਸੇ ਕਰ ਕੇ ਇਸਦਾ ਇੱਕ ਹਿੱਸਾ ਮਨੁੱਖੀ ਮਦਦ ਲਈ ਦੇਣ ਦਾ ਫ਼ੈਸਲਾ ਕੀਤਾ ਹੈ, ਜਿਸ ਨਾਲ 11 ਸਤੰਬਰ 2011 ਨੂੰ ਅਮਰੀਕਾ ਉੱਤੇ ਹੋਏ ਅੱਤਵਾਦੀ ਹਮਲੇ ਦੇ ਪੀੜਤਾਂ ਨੂੰ ਮੁਆਵਜ਼ਾ ਦੇਣ ਦੀ ਗੱਲਚੱਲਦੀ ਹੈ।11 ਸਤੰਬਰ ਦੇ ਹਮਲੇ ਸਮੇਂ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਦਾਰਾਜ ਸੀ ਤੇ ਉਸ ਨੇ ਆਪਣੇ ਦੇਸ਼ ਵਿੱਚ ਅੱਤਵਾਦੀ ਸੰਗਠਨ ਅਲਕਾਇਦਾ ਦੇ ਸਰਗਣਾ ਓਸਾਮਾ ਬਿਨ ਲਾਦੇਨ ਨੂੰ ਪਨਾਹ ਦਿੱਤੀ ਸੀਅਤੇ ਇਸ ਲਈ ਅਮਰੀਕਾ ਨੇ ਅਫ਼ਗਾਨਿਸਤਾਨ ਉੱਤੇ ਹਮਲਾ ਕੀਤਾ ਸੀ, ਜਿਸ ਦੇ ਬਾਅਦ ਅਮਰੀਕੀ ਮਿਲਟਰੀ ਕਈ ਸਾਲਾਂ ਤਕ ਇੱਥੇ ਜੰਗ ਲੜਦੀ ਰਹੀ ਸੀ।

ਤਾਲਿਬਾਨ ਦੇ ਵਿਦੇਸ਼ ਮੰਤਰੀ ਆਮਿਰ ਖ਼ਾਨ ਮੁਤਾਕੀ ਨੇ ਦੋਹਾ ਵਿੱਚਬੀਤੇ ਮੰਗਲਵਾਰ ਨੂੰ ਯੂਰਪੀ ਯੂਨੀਅਨ ਦੇ ਪ੍ਰਤੀਨਿਧਾਂ ਨਾਲ ਮੁਲਾਕਾਤ ਕੀਤੀ ਤੇ ਤਾਲਿਬਾਨ ਵਿਦੇਸ਼ ਮੰਤਰਾਲੇ ਨੇ ਬਿਆਨ ਜਾਰੀ ਕੀਤਾ ਕਿ ਯੂਰਪੀ ਯੂਨੀਅਨ ਤੋਂ ਉਸ ਨੂੰ ਆਪਣੇ ਦੇਸ਼ ਵਿੱਚ ਮਨੁੱਖੀ ਸਹਾਇਤਾ ਤੇ ਔਰਤਾਂ ਦੀ ਮਦਦ ਲਈ 1.1 ਕਰੋੜ ਡਾਲਰ ਦੀ ਆਰਥਿਕ ਮਦਦ ਦੀ ਲੋੜ ਹੈ। ਉਸ ਨੇ ਵਾਅਦਾ ਕੀਤਾ ਕਿ ਉਹ ਸਮਾਜ ਦੇ ਸਾਰੇ ਤਬਕਿਆਂ ਨੂੰ ਉਨ੍ਹਾਂ ਦਾ ਹੱਕ ਦੇਣ ਲਈ ਤਿਆਰ ਹਨ, ਪਰ ਨੀਤੀਆਂ ਬਾਰੇ ਕੋਈ ਸਮਝੌਤਾ ਨਹੀਂ ਕਰਨਗੇ।

# ਹਿਜਾਬ ਉਤੇ ਪਾਬੰਦੀ ਨੂੰ ਕੇਂਦਰੀ ਸਿੰਘ ਸਭਾ ਨੇ ਸਿੱਖਾਂ ਦੀ ਪੱਗ ਉਤੇ ਇਤਰਾਜ਼ ਬਰਾਬਰ ਮੰਨਿਆ

ਚੰਡੀਗੜ੍ਹ, 16 ਫਰਵਰੀ (ਪੋਸਟ ਬਿਊਰੋ)- ਕੇਂਦਰੀ ਸਿੰਘ ਸਭਾ ਨੇ ਕਿਹਾ ਕਿ ਕਰਨਾਟਕ ਦੀ ਰਾਜ ਸਰਕਾਰ ਨੇ ਸੂਬੇ ਵਿੱਚ ਹਿਜਾਬ ਪਹਿਨਣ ਉੱਤੇ ਪਾਬੰਦੀ ਲਾ ਦਿੱਤੀ ਹੈ, ਜੋ ਸਿੱਖਾਂ ਦੀ ਪੱਗ ਉੱਤੇ ਇਤਰਾਜ਼ ਦੇ ਬਰਾਬਰ ਹੈ।

ਇਸ ਮਾਮਲੇ ਵਿੱਚ ਸਿੰਘ ਸਭਾ ਦਾ ਕਹਿਣਾ ਹੈ ਕਿ ਕਰਨਾਟਕ ਸਰਕਾਰ ਦੇ ਇਸ ਫੈਸਲੇ ਦਾ ਪੂਰੇ ਦੇਸ਼ ਵਿੱਚ ਵਿਰੋਧ ਹੋਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਮੁਸਲਿਮ ਔਰਤਾਂ ਵੱਲੋਂ ਹਿਜਾਬ ਪਹਿਨਣਾ ਧਾਰਮਿਕ ਚਿੰਨ੍ਹ ਵਜੋਂ ਉਭਰਿਆ ਹੈ। ਜਿਵੇਂ ਸਿੱਖਾਂ ਦੀ ਪੱਗ, ਦਾੜ੍ਹੀ ਅਤੇ ਅੰਮ੍ਰਿਤਧਾਰੀ ਸਿੱਖਾਂ ਦੇ ਪੰਜ ਕਕਾਰ ਹਨ, ਕਿਸੇ ਵੀ ਧਰਮ ਅਤੇ ਸਭਿਆਚਾਰ ਨਾਲ ਜੁੜੇ ਭਾਈਚਾਰੇ ਦੇ ਵੱਖਰੇ ਲਿਬਾਸ ਉੱਤੇ ਉਂਗਲ ਚੁੱਕਣਾ ਜਾਂ ਕੋਈ ਪਾਬੰਦੀਆਂ ਲਾਉਣਾ ਗਲਤ ਹੈ। ਸਿੰਘ ਸਭਾ ਨੇ ਸਿੱਖ ਭਾਈਚਾਰੇ ਨੂੰ ਭਵਿੱਖੀ ਹਿੰਦੂ ਰਾਸ਼ਟਰਵਾਦੀ ਖਤਰੇ ਤੋਂ ਅਵੇਸਲੇ ਨਾ ਹੋਣ ਅਤੇ ਅਜਿਹੀ ਹਿੰਦੂਤਵੀ ਰਾਜਨੀਤੀ ਦਾ ਵਿਰੋਧ ਕਰਨ ਦੇ ਲਈ ਸੱਦਾ ਦਿੱਤਾ ਹੈ। ਕੇਂਦਰੀ ਸਿੰਘ ਸਭਾ ਵੱਲੋਂ ਪ੍ਰੋਫੈਸਰ ਸ਼ਾਮ ਸਿੰਘ ਪ੍ਰਧਾਨ, ਜਸਪਾਲ ਸਿੰਘ ਸਿੱਧੂ, ਇੰਜੀਨੀਅਰ ਗੁਰਪਾਲ ਸਿੰਘ ਆਦਿ ਆਗੂਆਂ ਨੇ ਕਿਹਾ ਕਿ ਕਰਨਾਟਕ ਦੀ ਭਾਜਪਾ ਸਰਕਾਰ ਨੇ ਇਹ ਵਿਵਾਦ ਉਸ ਸਮੇਂ ਸ਼ੁਰੂ ਕਰਾਇਆ ਹੈ, ਜਦੋਂ ਪੰਜ ਰਾਜਾਂ ਵਿੱਚ ਚੋਣਾਂ ਹੋ ਰਹੀਆਂ ਹਨ।


TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
The Mortgage Centre
I direct mortgages Inc.
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਬੈਂਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!! ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
Red Seal NOTARY
KAUR LAW OFFICE
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂੰਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh** |
| **Photographer** | Kanwaljit Singh Kanwal |
| **Distributer Marketing:** | Aman Warraich **Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਚੋਣ ਦੰਗਲ ਅਤੇ ਭਾਸ਼ਾ ਪ੍ਰਦੂਸ਼ਣ

-ਮਨਮੋਹਨ ਸਿੰਘ ਦਾਊਂ

ਆਜ਼ਾਦੀ ਦੀ ਲੰਮੀ ਲੜਾਈ ਪਿੱਛੋਂ ਭਾਰਤ ਗਣਰਾਜ ਬਣਨ ਦੇ ਸਮਰੱਥ ਹੋਇਆ। ਇਸ ਸੰਘਰਸ਼ ਵਿੱਚ ਅਨੇਕਾਂ ਯੋਧਿਆਂ, ਸੂਰਬੀਰਾਂ, ਦੇਸ਼ ਭਗਤਾਂ ਤੇ ਰਾਜਸੀ ਨੇਤਾਵਾਂ ਨੇ ਇਕਜੁੱਟ ਹੋ ਕੇ ਸ਼ਹਾਦਤਾਂ ਦੇ ਕੇ ਅਤੇ ਅਨੇਕਾਂ ਕੁਰਬਾਨੀਆਂ ਕਰ ਕੇ ਸਾਨੂੰ ਸੁਤੰਤਰ ਭਾਰਤ ਦੇ ਵਾਸੀ ਹੋਣ ਦਾ ਗੌਰਵ ਦਿੱਤਾ। ਡਾਕਟਰ ਭੀਮ ਰਾਓ ਅੰਬੇਡਕਰ ਨੇ ਮਿਹਨਤ ਕਰ ਕੇ ਦੁਨੀਆ ਦੇ ਸੰਵਿਧਾਨਾਂ ਦਾ ਅਧਿਐਨ ਕਰ ਕੇ ਭਾਰਤ ਦੇ ਸੰਵਿਧਾਨ ਦੀ ਸਿਰਜਣਾ ਕੀਤੀ। ਭਾਰਤ ਵਿੱਚ ਲੋਕ ਰਾਜ ਨੂੰ ਅਮਲੀ ਰੂਪ ਦੇਣ ਲਈ ਦੇਸ਼ ਵਾਸੀਆਂ ਨੂੰ ਆਪਣੀ ਵੋਟ ਦੀ ਮਹੱਤਤਾ ਲਈ ਜਾਗਰੂਕ ਕੀਤਾ। ਭਾਰਤੀ ਗਣਤੰਤਰ ਦੀ ਖੁਸ਼ਹਾਲੀ ਦੇ ਸੁਫਨੇ ਸਾਕਾਰ ਕਰਨ ਲਈ ਚੋਣ ਪ੍ਰਣਾਲੀ ਦੀ ਅਹਿਮੀਅਤ ਨਾਲ ਲੋਕ ਸ਼ਕਤੀ ਨੂੰ ਪ੍ਰਮੁੱਖਤਾ ਮਿਲੀ। ਬੀਤੇ 75 ਸਾਲਾਂ ਵਿੱਚ ਉਹ ਸੁਫਨੇ ਸਾਕਾਰ ਨਹੀਂ ਹੋਏ, ਜਿਨ੍ਹਾਂ ਲਈ ਸ਼ਹੀਦ ਭਗਤ ਸਿੰਘ ਵਰਗੇ ਸੂਰਬੀਰਾਂ ਨੇ ਆਹੂਤੀ ਦਿੱਤੀ ਸੀ। ਆਮ ਲੋਕ ਖੁਸ਼ਹਾਲੀ ਤੋਂ ਵਾਂਝੇ ਰਹੇ। ਪੂੰਜੀਪਤੀਆਂ ਦੇ ਹੱਥ ਰਾਜ-ਸੱਤਾ ਆਉਂਦੀ ਰਹੀ ਤੇ ਸਰਮਾਏਦਾਰੀ ਰਾਜ ਸੱਤਾ ਉੱਤੇ ਭਾਰੂ ਹੁੰਦੀ ਗਈ। ਰਾਜਸੀ ਪਾਰਟੀਆਂ ਲੋਕਾਂ ਨੂੰ ਭਰਮਾ ਕੇ ਵੋਟਾਂ ਬਟੋਰਦੀਆਂ ਰਹੀਆਂ।

ਪੰਜਾਬ ਦੇ ਅਜੋਕੇ ਦੌਰ ਵਿੱਚ ਵੀ ਸਿਆਸੀ ਪਾਰਟੀਆਂ ਆਪੋ-ਆਪਣੇ ਢੰਗ ਨਾਲ ਰਾਜ ਸੱਤਾ ਹਥਿਆਉਣ ਲਈ ਹਰ ਕਿਸਮ ਦੇ ਹੱਥਕੰਡੇ ਵਰਤਣ ਤੱਕ ਜਾ ਰਹੀਆਂ ਹਨ। ਆਮ ਮਨੁੱਖ ਇਸ ਵਰਤਾਰੇ ਕਾਰਨ ਬੇਵੱਸ ਮਹਿਜ਼ ਵੋਟ ਬਣ ਕੇ ਰਹਿ ਗਿਆ ਹੈ। ਬੁੱਧੀਜੀਵੀ ਅਤੇ ਸੰਵੇਦਨਸ਼ੀਲ ਵਿਅਕਤੀ ਸੋਚਾਂ ਵਿੱਚ ਡੁੱਬਿਆ, ਇਸ ਦੰਭੀ ਵਰਤਾਰੇ ਨੂੰ ਸਮਝ ਕੇ ਵੀ ਨਮੋਸ਼ੀ ਦੀ ਸਥਿਤੀ ਵਿੱਚ ਜੀਅ ਰਿਹਾ ਹੈ। ਰਾਜਸੀ ਪਿੜ ਵਿੱਚ ਉਹ ਆਦਰਸ਼ ਧੁੰਦਲਾ ਗਏ ਹਨ, ਜਿਨ੍ਹਾਂ ਉੱਤੇ ਪੁਰਾਣੇ ਨੇਤਾ ਪੂਰੀ ਵਚਨਬੱਧਤਾ ਨਾਲ ਪਹਿਰਾ ਦਿੰਦੇ ਸਨ। ਉਹ ਸਮਾਜ ਦੇ ਸੇਵਾਦਾਰ ਆਗੂ ਹੁੰਦੇ ਸਨ ਜਿਨ੍ਹਾਂ ਨੂੰ ਲੋਕੀਂ ਵਹੀਰਾਂ ਘੱਤ ਕੇ ਸੁਣਨ ਜਾਂਦੇ ਸਨ। ਉਹ ਲੋਕਾਂ ਦੇ ਰਹਿਬਰ ਸਨ। ਅੱਜ ਸੁਆਰਥ ਤੇ ਪਦਾਰਥ ਥੱਲੇ ਅਣਖ, ਗੈਰਤ, ਜ਼ਮੀਰ ਤੇ ਇਨਸਾਨੀਅਤ ਲੰਗੜਾ ਗਏ ਹਨ। ਵਰਤਮਾਨ ਪੰਜਾਬ ਬਹੁਤ ਚੁਣੌਤੀਆਂ ਅਤੇ ਸਮੱਸਿਆਵਾਂ ਵਿੱਚ ਘਿਰਿਆ ਹੋਇਆ ਹੈ। ਪੰਜਾਬ ਨੂੰ ਭਾਰਤ ਦੀ ਖੜਗ ਭੁਜਾ ਕਿਹਾ ਜਾਂਦਾ ਹੈ। ਪ੍ਰੋਫੈਸਰ ਮੋਹਨ ਸਿੰਘ ਦੀ ਕਵਿਤਾ ਯਾਦ ਆਉਂਦੀ ਹੈ: ''ਭਾਰਤ ਹੈ ਵਾਂਗ ਮੁੰਦਰੀ, ਵਿੱਚ ਨਗ ਪੰਜਾਬ ਦਾ।'' ਇਤਿਹਾਸ ਉੱਤੇ ਝਾਤੀ ਮਾਰਿਆਂ ਮਨ ਗਮਗੀਨ ਹੋ ਜਾਂਦਾ ਹੈ ਕਿ ਗੁਰੂਆਂ, ਪੀਰਾਂ ਤੇ ਸ਼ਹੀਦਾਂ ਦੀ ਧਰਤ ਪੰਜਾਬ ਨਾਲ ਕੀ-ਕੀ ਨਹੀਂ ਹੋਇਆ। ਭਾਵੇਂ ਅਸੀਂ ਆਜ਼ਾਦ ਹੋ ਗਏ ਹਾਂ, ਪਰ ਪੰਜਾਬ ਅਜੇ ਤੱਕ ਆਪਣੇ ਲਈ ਇਨਸਾਫ ਲੈਣ ਵਿੱਚ ਸਫਲ ਨਹੀਂ ਹੋ ਸਕਿਆ।

ਜਿੱਥੋਂ ਤੱਕ ਪੰਜਾਬ ਦੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਦਾ ਸੁਆਲ ਹੈ, ਇਸ ਵੇਲੇ ਚੋਣ ਮੁਹਿੰਮ ਪੂਰੇ ਸਿਖਰਾਂ ਉੱਤੇ ਹੈ। ਸੱਤਾ ਪ੍ਰਾਪਤੀ ਲਈ ਜੋ ਹਾਲਾਤ ਬਣੇ ਹੋਏ ਹਨ, ਉਨ੍ਹਾਂ ਤੋਂ ਜ਼ਿੰਮੇਵਾਰ ਅਤੇ ਸੰਵੇਦਨਸ਼ੀਲ ਨਾਗਰਿਕ ਹੈਰਾਨੀ ਤੇ ਪਰੇਸ਼ਾਨੀ ਵਿੱਚੋਂ ਲੰਘ ਰਹੇ ਹਨ। ਮੁੱਖ ਤੌਰ ਉੱਤੇ ਪੰਜ ਕੋਣਾਂ ਤੋਂ ਚੋਣ ਪ੍ਰਚਾਰ ਦਾ ਢੰਡੋਰਾ ਪਿੱਟਿਆ ਜਾਂਦਾ ਹੈ। ਲੋਕਤੰਤਰ ਵਿੱਚ ਹਰ ਕਿਸੇ ਨੂੰ ਆਪਣੀ ਗੱਲ ਕਹਿਣ ਦਾ ਸੰਵਿਧਾਨਕ ਹੱਕ ਹੈ, ਪਰ ਜਿਸ ਧੀਰਜ ਨਾਲ ਸੰਵਾਦ ਹੋਣਾ ਚਾਹੀਦਾ ਹੈ, ਉਹ ਗੁੰਮ ਹੈ। ਬੜਬੋਲਾਪਣ ਭਾਰੂ ਹੋ ਰਿਹਾ ਹੈ। ਬਾਬਾ ਨਾਨਕ ਨੇ ਸੰਵਾਦ ਰਚਾਉਣ ਦੀ ਪ੍ਰੰਪਰਾ ਕਾਇਮ ਕੀਤੀ। ਉਸ ਸਮੇਂ ਦੇ ਵਿਰੋਧੀਆਂ ਦਾ ਸਾਹਮਣਾ ਕੀਤਾ ਹੈ। ਉਨ੍ਹਾਂ ਦਾ ਪ੍ਰਵਚਨ ਹੈ: 'ਜਬ ਲਗੁ ਦੁਨੀਆ ਰਹੀਐ ਨਾਨਕ, ਕਿਛੁ ਸੁਣੀਐ ਕਿਛੁ ਕਹੀਐ॥'' ਅਸੀਂ ਸੁਣਨ ਨਾਲੋਂ ਆਪ ਬੋਲਣ ਉਤੇ ਵਧੇਰੇ ਜ਼ੋਰ ਦੇ ਕੇ ਹਉਮੈਂ ਦੀ ਸ਼ਕਤੀ ਵਿਖਾਉਂਦੇ ਹਾਂ। ਸਿਆਣੇ ਕਹਿੰਦੇ ਸਨ, ਪਹਿਲਾਂ ਤੋਲੋ, ਫਿਰ ਬੋਲੋ। ਸਾਡੀਆਂ



ਸਦਾਚਾਰਕ ਅਤੇ ਨੈਤਿਕ ਕਦਰਾਂ ਕੀਮਤਾਂ ਸਾਨੂੰ ਚੰਗੇ ਇਨਸਾਨ ਬਣਨ ਦੀ ਪ੍ਰੇਰਨਾ ਦਿੰਦੀਆਂ ਹਨ। ਭਾਸ਼ਾ ਦੇ ਸ਼ਬਦਾਂ ਦੀ ਸਹੀ ਵਰਤੋਂ ਦੇ ਲਈ ਸੁਚੇਤ ਕਰਦੀਆਂ ਹਨ। ਮੰਦੀ ਭਾਸ਼ਾ ਪ੍ਰਦੂਸ਼ਣ ਫੈਲਾਉਂਦੀ ਹੈ। ਅਪਮਾਨ ਜਨਕ, ਪਲੀਤ ਅਤੇ ਬਦਲਾ ਲਊ ਸ਼ਬਦ ਚੌਗਿਰਦੇ ਵਿੱਚ ਜ਼ਹਿਰ ਘੋਲਦੇ ਹਨ। ਕਿਸੇ ਪ੍ਰਤੀ ਬੋਲੇ ਮੰਦੇ ਸ਼ਬਦ ਉਸ ਵਿਅਕਤੀ ਨੂੰ ਬੇਇੱਜ਼ਤ ਹੀ ਨਹੀਂ ਕਰਦੇ, ਸੁਣਦੇ ਲੋਕਾਂ ਨੂੰ ਵੀ ਪ੍ਰੇਸ਼ਾਨ ਕਰਦੇ ਹਨ। ਸਭਿਅਕ ਸਮਾਜ ਦੀ ਸਿਰਜਣਾ ਵਿੱਚ ਭਾਸ਼ਾ ਵੱਡਾ ਮਾਧਿਅਮ ਹੁੰਦੀ ਹੈ। ਬੋਲਾਂ ਦੀ ਸ਼ਕਤੀ ਹਥਿਆਰਾਂ ਤੋਂ ਵੱਧ ਬਲਵਾਨ ਹੁੰਦੀ ਹੈ। ਕਹਾਵਤ ਹੈ ਕਿ ਤਲਵਾਰ ਦਾ ਫੱਟ ਮਿਟ ਜਾਂਦਾ ਹੈ, ਪਰ ਬੋਲਾਂ ਦਾ ਫਟ ਨਹੀਂ ਮਿਟਦਾ।

ਮੇਰੇ ਇੱਕ ਮਿੱਤਰ ਡਾਕਟਰ ਨੇ ਲਿਖ ਕੇ ਲਾਇਆ ਹੋਇਆ ਸੀ, ''ਕਿਸੇ ਨੂੰ ਮੰਦੇ ਬੋਲ ਨਾ ਬੋਲੋ, ਅਜਿਹਾ ਨਾ ਹੋਵੇ ਕਿ ਉਹ ਬੋਲ ਤੁਹਾਡੇ ਆਖਰੀ ਹੋਣ।'' ਗੁਰਬਾਣੀ ਕਹਿੰਦੀ ਹੈ, ''ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥'' ਪੰਜਾਬ ਦੇ ਚੋਣ ਦੰਗਲ ਵਿੱਚ ਜੋ ਵਾਪਰ ਰਿਹਾ ਹੈ, ਅਜਿਹਾ ਪਹਿਲਾਂ ਕਦੇ ਵੇਖਣ ਸੁਣਨ ਨੂੰ ਨਹੀਂ ਮਲਿਆ। ਇੱਕ ਦੂਜੇ ਅਤੇ ਰਾਜਸੀ ਪਾਰਟੀਆਂ ਵਿਰੁੱਧ ਪ੍ਰਚਾਰ ਵਿੱਚ ਵਰਤੀ ਜਾ ਰਹੀ ਮੰਦੀ ਸ਼ਬਦਾਵਲੀ ਦਾ ਮਾਰੂ ਪ੍ਰਭਾਵ ਸਾਡੀ ਨੌਜਵਾਨ ਪੀੜ੍ਹੀ ਉੱਤੇ ਕਿੱਦਾਂ ਹੋਵੇਗਾ, ਉਸ ਬਾਰੇ ਮਨੋਵਿਗਿਆਨੀ ਵਧੇਰੇ ਦੱਸ ਸਕਦੇ ਹਨ। ਅਸੀਂ ਵਿਦਿਆਰਥੀਆਂ ਨੂੰ ਗੁਰਬਾਣੀ ਦਾ ''ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ'' ਦਾ ਸੰਦੇਸ਼ ਦਿੰਦੇ ਰਹੇ ਹਾਂ। ਵੱਡਿਆਂ ਦਾ ਸਤਿਕਾਰ ਤੇ ਛੋਟਿਆਂ ਨੂੰ ਪਿਆਰ ਕਰਨ ਦੀ ਭਾਵਨਾ ਉੱਤੇ ਜ਼ੋਰ ਦਿੰਦੇ ਰਹੇ ਹਾਂ। ਕਰਨੀ ਤੇ ਕਥਨੀ ਇੱਕ ਰੱਖਣ ਦੀ ਸਿੱਖਿਆ ਦਿੰਦੇ ਰਹੇ ਹਾਂ। ਸਦਾ ਸੱਚ ਬੋਲੋ ਦਾ ਉਪਦੇਸ਼ ਅਪਣਾਉਣ ਲਈ ਪੜ੍ਹਾਉਂਦੇ ਰਹੇ ਹਾਂ। ਅੱਜ ਟੀ ਵੀ ਚੈਨਲਾਂ ਉੱਤੇ ਨੇਤਾਵਾਂ ਤੇ ਉਨ੍ਹਾਂ ਦੇ ਹਮਾਇਤੀਆਂ ਰਾਹੀਂ ਜੋ ਪਰੋਸਿਆ ਤੇ ਪ੍ਰਚਾਰਿਆ ਜਾਂਦਾ ਹੈ, ਉਹ ਸੁਣ ਕੇ ਸ਼ਰਮਿੰਦਗੀ ਹੀ ਨਹੀਂ ਆਉਂਦੀ ਜੀਵਨ ਵਿੱਚ ਗਿਆਨਵਾਨ, ਵਿਦਵਾਨ ਤੇ ਚਿੰਤਕਾਂ ਦੇ ਕਥਨਾਂ ਦੀ ਮਿਸਾਲ ਦੇਣ ਤੋਂ ਵੀ ਝਿਜਕ ਹੁੰਦੀ ਹੈ।

ਰਾਜਨੀਤੀਵਾਨ ਮਿਸਟਰ ਲਾਸਕੀ ਦੀ ਆਜ਼ਾਦੀ ਬਾਰੇ ਕੀਤੀ ਟਿੱਪਣੀ ਕੌਣ ਸੁਣਦਾ ਹੈ ਕਿ ਤੁਹਾਡੀ ਆਜ਼ਾਦੀ ਦੀ ਸੀਮਾ, ਤੁਹਾਡੀ ਫੜੀ ਡੰਗੋਰੀ ਦੀ ਸੀਮਾ ਤੱਕ ਹੈ ਜਿੱਥੋਂ ਦੂਸਰੇ ਨੂੰ ਅੜਿੱਕਾ ਨਾ ਬਣੇ। ਅੱਜ ਉਹ ਗੱਲ ਹੈ ਕਿ ਮੇਲੇ ਵਿੱਚ ਚੱਕੀਰਾਹੇ ਦੀ ਕੌਣ ਸੁਣਦਾ ਹੈ। ਪਿੰਡ ਦੀ ਸੱਥ ਵਿੱਚ ਬੈਠੇ ਬਜ਼ੁਰਗ ਗੱਲਾਂ ਕਰਦੇ ਸੁਣੇ ਜਾਂਦੇ ਹਨ: ''ਭਲਿਓ, ਨੇਤਾਵਾਂ ਦੀ ਝੀਟਮ-ਝੀਟੀ ਹੋ ਰਹੀ ਹੈ। ਲੜਾਈ ਕੁਰਸੀ ਮੱਲਣ ਦੀ ਹੈ। ਲੋਕਾਂ ਦੇ ਮੁੱਦਿਆਂ ਦਾ ਫਿਕਰ ਨਹੀਂ। ਕੀ ਕਸਰ ਐ। ਇੱਕ ਦੂਸਰੇ ਉੱਤੇ ਦੂਸ਼ਣਬਾਜ਼ੀ ਦਾ ਦੌਰ ਹੈ। ਇੱਕ ਤੋਂ ਦੂਜੀ ਪਾਰਟੀ ਵਿੱਚ ਛਾਲਾਂ ਵੱਜਦੀਆਂ ਨੇ। ਪੈਸਾ ਹੀ ਸਭ ਕੁਝ ਹੋ ਗਿਆ। ਨੇਤਾ ਹੁੰਦੇ ਸੀ ਲੋਕਾਂ ਦੇ ਸੇਵਕ, ਖ਼ੈਰਖਾਹ। ਪੰਜਾਬ ਦਾ ਕੀ ਬਣੂ, ਸਕਤੇ ਦਾ ਸੱਤੀਂ ਵੀਹੀਂ ਸੌ।''

ਸਾਡੀ ਸੰਸਕ੍ਰਿਤੀ ਦੀਆਂ ਸਥਾਪਤ ਕੀਤੀਆਂ ਪਰੰਪਰਾਵਾਂ ਮੰਗ ਕਰਦੀਆਂ ਹਨ ਕਿ ਮਨੁੱਖ ਲਈ ਸੁਖਾਵਾਂ ਸਮਾਜ ਸਿਰਜਣ ਲਈ ਸਮੇਂ ਦੇ ਹਾਕਮਾਂ ਨੂੰ ਜਨਤਾ ਦਾ ਹਿਤਕਾਰੀ ਬਣਨਾ ਚਾਹੀਦਾ ਹੈ। ਇਤਿਹਾਸ ਦੇ ਉਸਰੱਈਏ ਉਹੀ ਬਣਦੇ ਹਨ ਜਿਨ੍ਹਾਂ ਨੇ ਆਪਾਂ ਵਾਰ ਕੇ ਲੋਕਾਈ ਲਈ ਪਰਉਪਕਾਰ ਕੀਤੇ ਹੋਣ। ਲੋਕ ਰਾਜ ਵਿੱਚ ਸ਼ਕਤੀ ਲੋਕਾਂ ਦੇ ਹੱਥ ਹੁੰਦੀ ਹੈ। ਵੋਟ ਦੇ ਅਧਿਕਾਰ ਨਾਲ ਸਰਕਾਰਾਂ ਬਣਦੀਆਂ ਹਨ। ਲੋਕਾਂ ਦੀਆਂ ਵੋਟਾਂ ਨਾਲ ਰਾਜ ਸੱਤਾ ਢਹਿੰਦੀ ਹੈ, ਪਰ ਲੋਕਾਂ ਦਾ ਚੇਤੰਨ ਤੇ ਜਾਗਰੂਕ ਹੋਣਾ ਜ਼ਰੂਰੀ ਹੈ। ਕਿਸੇ ਵੀ ਲੋਭ ਲਾਲਚ ਨਾਲ ਰਾਜ ਸੱਤਾ ਹਥਿਆਉਣਾ ਵਿਨਾਸ਼ਕਾਰੀ ਸਾਬਿਤ ਹੋ ਸਕਦਾ ਹੈ। ਇਹ ਵੇਲਾ ਪੰਜਾਬ ਨੂੰ ਸੰਭਾਲਣ ਦਾ ਹੈ। ਜਦੋਂ ਦੂਸ਼ਣਬਾਜ਼ੀ ਦੀਆਂ ਹੱਦਾਂ ਟੱਪ ਜਾਣ ਤਾਂ ਅਰਾਜਕਤਾ ਫੈਲਣੀ ਸੁਭਾਵਿਕ ਹੈ। ਭ੍ਰਿਸ਼ਟ ਨੇਤਾ ਆਪਣੀਆਂ ਖ਼ਾਮੀਆਂ ਲੁਕਾਉਣ ਲਈ ਹਰ ਸਾਧਨ ਵਰਤਣ ਦੀ ਕੋਸ਼ਿਸ਼ ਕਰਦਾ ਹੈ। ਚੋਣ ਕਮਿਸ਼ਨ ਵੱਲੋਂ ਲਾਈਆਂ ਕਾਨੂੰਨੀ ਬੰਦਿਸ਼ਾਂ ਦੀ ਪ੍ਰਵਾਹ ਨਹੀਂ ਕੀਤੀ ਜਾਂਦੀ। ਅਜਿਹੇ ਮਾਹੌਲ ਵਿੱਚ ਅਮਨ ਸ਼ਾਂਤੀ ਭੰਗ ਹੋ ਸਕਦੀ ਹੈ। ਆਪਣਾ ਗੁੱਸਾ ਕੱਢਣ ਲਈ ਭੱਦੀ ਤੋਂ ਭੱਦੀ ਭਾਸ਼ਾ ਵਰਤੀ ਜਾਂਦੀ ਹੈ। ਇੱਕ ਦੂਜੇ ਨੂੰ ਵੰਗਾਰਿਆ ਜਾਂਦਾ ਹੈ।

ਅਜਿਹੇ ਪ੍ਰਦੂਸ਼ਿਤ ਮਾਹੌਲ ਵਿੱਚ ਨਵੀਂ ਪੀੜ੍ਹੀ ਕਿਸੇ ਪਾਸੇ ਨੂੰ ਮਾਰੂ ਰਾਹ ਅਪਣਾ ਸਕਦੀ ਹੈ, ਜਿਸ ਦੇ ਨਤੀਜੇ ਸਮਾਜ ਲਈ ਘਾਤਕ ਹੋ ਸਕਦੇ ਹਨ। ਨੇਤਾ ਸਮਾਜ ਦਾ ਆਗੂ ਅਤੇ ਲੋਕਾਂ ਦਾ ਪ੍ਰਤੀਨਿਧ ਹੁੰਦਾ ਹੈ। ਜਿੱਤ ਪ੍ਰਾਪਤ ਕਰਨ ਪਿੱਛੋਂ ਉਹ ਆਪਣੇ ਸਾਰੇ ਵੋਟਰਾਂ ਦਾ ਸਾਂਝਾ ਹੁੰਦਾ ਹੈ। ਆਪਣੇ ਖੇਤਰ ਦੀ ਭਲਾਈ ਉਸ ਦਾ ਕਰਤੱਵ ਹੁੰਦਾ ਹੈ। ਵਿਰੋਧੀ ਧਿਰ ਨੂੰ ਵੀ ਸਹੀ ਕਾਰਜਾਂ ਲਈ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਜੋ ਵਿਕਾਸ ਅਤੇ ਪ੍ਰਬੰਧਕੀ ਕੰਮਾਂ ਵਿੱਚ ਰੁਕਾਵਟ ਨਾ ਪਵੇ। ਅਮਲੀ ਰੂਪ ਵਿੱਚ ਇੰਝ ਨਹੀਂ ਹੁੰਦਾ। ਇਹ ਸਾਡੀ ਰਾਜ ਪ੍ਰਣਾਲੀ ਦੀ ਵਿਡੰਬਨਾ ਹੈ। ਚੰਗੇ ਦਿਨ ਕਦੋਂ ਆਉਣਗੇ? ਵਰਤਮਾਨ ਨੇਤਾਵਾਂ ਨੂੰ ਸਵਾਲ ਕਰਦਾ ਹੈ।

2022 ਚੋਣਾਂ ਵਿੱਚ ਪੰਜਾਬ ਦਾ ਭਵਿੱਖ ਕਿਸ ਪਾਰਟੀ ਜਾਂ ਨੇਤਾ ਦੇ ਹੱਥ ਆਉਂਦਾ ਹੈ, ਇਹ ਤਾਂ ਲੋਕ ਵੋਟ ਹੀ ਫੈਸਲਾ ਕਰੇਗੀ। ਉਥੇ ਚਿੰਤਕ ਸ਼ੇਖ਼ ਸਾਅਦੀ ਦੀ ਚਰਚਿਤ ਪੁਸਤਕ 'ਗੁਲਿਸਤਾਂ-ਬੋਸਤਾਂ' ਵਿੱਚੋਂ ਕੁਝ ਕਥਨਾਂ ਨੂੰ ਵਿਚਾਰਨਾ ਚੰਗਾ ਰਹੇਗਾ। ਸ਼ੇਖ਼ ਸਾਅਦੀ (ਪ੍ਰਸਿੱਧ ਇਰਾਨੀ) ਨੇ ਬਾਰ੍ਹਵੀਂ ਸਦੀ ਵਿੱਚ ਫਾਰਸੀ ਵਿੱਚ ਲਿਖੀ ਆਪਣੀ ਪੁਸਤਕ ਵਿੱਚ ਰਾਜ ਸੱਤਾ (ਰਾਜੇ/ ਮਹਾਰਾਜਿਆਂ) ਨੂੰ ਸੰਬੋਧਨ ਕਰ ਕੇ ਆਪਣੀ ਵਿਦਵਤਾ ਦਾ ਪ੍ਰਮਾਣ ਦਿੱਤਾ ਸੀ :

* ਮਿੱਠੇ ਬੋਲਾਂ, ਕਿਰਪਾਲਤਾ ਅਤੇ ਪ੍ਰਸੰਨਤਾ ਨਾਲ ਤੂੰ ਹਾਥੀ ਨੂੰ ਵਾਲ ਨਾਲ ਬੰਨ੍ਹ ਕੇ ਲਿਜਾ ਸਕਦਾ ਹੈਂ, ਕਿਉਂਕਿ ਉਸ ਦੇ ਰੋਣ ਨਾਲ ਸਭ ਤੋਂ ਉਚਾ ਅਸਮਾਨ ਕੰਬਣ ਲੱਗ ਜਾਂਦਾ ਹੈ।
* ਹੇ ਮਨੁੱਖ, ਜੀਭ ਧੰਨਵਾਦ ਅਤੇ ਪ੍ਰਸੰਸਾ ਲਈ ਮਿਲੀ ਹੈ।
* ਜੋ ਬੁੱਧੀਮਾਨ ਹੁੰਦਾ ਹੈ, ਸਹਿਣਸ਼ੀਲ ਹੁੰਦਾ ਹੈ।
* ਜੇਹੋ ਜਿਹਾ ਤੂੰ ਹੈਂ, ਉਹੋ ਜਿਹਾ ਤੂੰ ਆਪਣੇ ਆਪ ਨੂੰ ਵਿਖਾ।
* ਪਰਮਾਤਮਾ ਨੇ ਤੈਨੂੰ ਮਿੱਟੀ ਤੋਂ ਪੈਦਾ ਕੀਤਾ ਹੈ ਬੰਦੇ, ਤੂੰ ਮਿੱਟੀ ਦੀ ਤਰ੍ਹਾਂ ਦੀਨ ਹੋ ਜਾ, ਅੱਗ ਨਾ ਬਣ।
* ਇਹ ਦੁਨੀਆ ਖੂਹ ਵਾਂਗ ਹੈ, ਜਿਹੋ ਜਿਹੀ ਆਵਾਜ਼ ਮਾਰੋਗੇ, ਓਦਾਂ ਦਾ ਉੱਤਰ ਮਿਲੇਗਾ।
* ਭਾਸ਼ਾ ਦਾ ਦੁਰਉਪਯੋਗ ਚੰਗਾ ਨਹੀਂ। ਸਾਨੂੰ ਆਪਣੀ ਮਾਂ ਬੋਲੀ ਦੀ ਮਿਠਾਸ ਤੇ ਪਵਿੱਤਰਤਾ ਉੱਤੇ ਗੌਰਵ ਹੋਣਾ ਚਾਹੀਦਾ ਹੈ। ਅਸਲ ਨੇਤਾ ਉਹੀ ਹੈ, ਜੋ ਲੋਕਾਂ ਦਾ ਦਿਲ ਜਿੱਤ ਸਕੇ।

## ਹਲਕਾ ਫੁਲਕਾ

ਪਤੀ ਨੇ ਪਤਨੀ ਨੂੰ ਮੈਸੇਜ ਕੀਤਾ, ''ਅੱਜ ਰਾਤ ਡਿਨਰ ਉੱਤੇ ਮੇਰੇ ਕੁਝ ਦੋਸਤ ਆ ਰਹੇ ਹਨ, ਚੰਗਾ ਜਿਹਾ ਖਾਣਾ ਤਿਆਰ ਕਰੀਂ।''

ਪਤਨੀ ਦਾ ਕੋਈ ਜੁਆਬ ਨਹੀਂ ਆਇਆ। ਫਿਰ ਪਤੀ ਨੇ ਦੂਸਰਾ ਮੈਸੇਜ ਕੀਤਾ, ''ਮੇਰੀ ਸੈਲਰੀ ਵਧ ਗਈ ਹੈ, ਅਗਲੇ ਮਹੀਨੇ ਤੈਨੂੰ ਸੋਨੇ ਦੀ ਮੁੰਦਰੀ ਲਿਆ ਕੇ ਦੇਵਾਂਗਾ।''

ਉਸੇ ਵੇਲੇ ਪਤਨੀ ਦਾ ਜੁਆਬ ਆਇਆ, ''ਓ ਮਾਈ ਗੌਡ, ਸੱਚੀਂ।''

ਪਤੀ, ''ਨਹੀਂ, ਮੈਂ ਚੈੱਕ ਕਰ ਰਿਹਾ ਸੀ ਕਿ ਤੈਨੂੰ ਮੇਰਾ ਪਹਿਲਾ ਮੈਸੇਜ ਮਿਲਿਆ ਕਿ ਨਹੀਂ।''

*******

ਗੱਪੂ, ''ਜੇ, ਮੈਂ ਨਾਰੀਅਲ ਦੇ ਰੁੱਖ ਉੱਤੇ ਚੜ੍ਹ ਜਾਵਾਂ ਤਾਂ ਕਾਲਜ ਦੀਆਂ ਲੜਕੀਆਂ ਦਿੱਸ ਜਾਣਗੀਆਂ?''

ਪੱਪੂ, ''ਜ਼ਰੂਰ, ਤੇ ਜੇ ਤੂੰ ਹੱਥ ਛੱਡ ਦੇਵੇਂ ਤਾਂ ਮੈਡੀਕਲ ਕਾਲਜ ਦੀਆਂ ਵੀ ਨਜ਼ਰ ਆ ਜਾਣਗੀਆਂ।''

*******

ਪਤਨੀ, ''ਜੇ ਮੈਂ ਮਰ ਜਾਵਾਂ ਤਾਂ ਤੁਸੀਂ ਕੀ ਕਰੋਗੇ?''
ਪਤੀ, ''ਸ਼ਾਇਦ ਮੈਂ ਵੀ ਮਰ ਜਾਵਾਂ।''
ਪਤਨੀ, ''ਕਿਉਂ?''
ਪਤੀ, ''ਕਦੀ-ਕਦੀ ਜ਼ਿਆਦਾ ਖੁਸ਼ੀ ਵੀ ਜਾਨਲੇਵਾ ਸਾਬਤ ਹੁੰਦੀ ਹੈ।''

# ਰੁੜ੍ਹਿਆ ਹੁਨਰ

-ਰਣਜੀਤ ਸਿੰਘ ਨੂਰਪੁਰਾ

ਜ਼ਿੰਦਗੀ ਦੇ ਆਖਰੀ ਸਮੇਂ ਤੱਕ ਬਾਪੂ ਲੋਕਾਂ ਦੇ ਪੈਰਾਂ ਦੀ ਮੋਚ ਕੱਢਦਾ ਰਿਹਾ। ਨਿਸ਼ਕਾਮ। ਉਹ ਵੀਹਵੇਂ ਵਰ੍ਹੇ ਇਸ ਲੋਕ ਸੇਵਾ ਵਿੱਚ ਜੁਟਿਆ ਸੀ ਤੇ ਉਸ ਨੇ ਇਹ ਹੁਨਰ ਆਪਣੇ ਬਾਪੂ ਤੋਂ ਹਾਸਲ ਕੀਤਾ ਸੀ। ਪੈਂਤੀ ਛੱਤੀ ਸਾਲ ਇਹ ਸੇਵਾ ਨਿਰਵਿਘਨ ਜਾਰੀ ਰਹੀ। ਪਿੰਡ ਜਾਂ ਆਲੇ ਦੁਆਲੇ ਪਿੰਡਾਂ ਦੇ ਲੋਕ ਜਦ ਮੋਚ ਨਾਲ ਤੜਫਦੇ ਆਉਂਦੇ, ਸੋਜ ਕਾਰਨ ਪੈਰ ਭੜੋਲੇ ਬਣੇ ਹੁੰਦੇ। ਡਾਂਗ, ਸੋਟੀ ਸਹਾਰੇ ਸਾਡੇ ਘਰ ਪੁੱਜਦੇ। ਬਾਪੂ ਆਪ ਰਾਜਗਿਰੀ ਕਰਦਾ ਹੋਣ ਕਾਰਨ ਪੀੜਤ ਨੂੰ ਸਵੇਰ ਸਾਜਰੇ ਆਉਣ ਦੀ ਪੱਕੀ ਕਰਦਾ, ਅੱਠ ਵੱਜਦੇ ਨੂੰ ਉਹਨੇ ਕੰਮ ਉਤੇ ਪਹੁੰਚਣਾ ਹੁੰਦਾ ਸੀ। ਉਹ ਮੋਚ ਕੱਢਣ ਵਿੱਚ ਇੰਨਾ ਨਿਪੁੰਨ ਸੀ ਕਿ ਕਈ ਵਾਰ ਪਹਿਲੀ ਸੱਟੇ ਅਗਲੇ ਨੂੰ ਡਾਂਗ ਦੇ ਸਹਾਰੇ ਬਿਨਾਂ ਘਰ ਤੋਰ ਦਿੰਦਾ, ਪਰ ਵੱਧ ਦਿਨ ਲੰਘਣ ਕਾਰਨ ਜਿਨ੍ਹਾਂ ਦੀ ਮੋਚ ਪੱਕ ਚੁੱਕੀ ਹੁੰਦੀ, ਉਨ੍ਹਾਂ ਨੂੰ ਦੋ-ਤਿੰਨ ਡੰਗ ਆਉਣਾ ਪੈਂਦਾ। ਵੱਧ ਰੁੱਝਿਆਂ ਜਾਂ ਤੁਰਨ ਤੋਂ ਅਸਮਰਥ ਰਹਿਣ ਵਾਲੇ ਦੇ ਘਰ ਜਾਣ ਤੋਂ ਉਹ ਕਦੀ ਟਾਲਾ ਨਾ ਵੱਟਦਾ। ਆਏ ਮਰੀਜ਼ਾਂ ਵਿੱਚੋਂ ਉਹ ਕਿਸੇ ਨੂੰ ਨਾ ਮੋੜਦਾ, ਭਾਵੇਂ ਆਪਣੇ ਕੰਮ ਉੱਤੇ ਲੇਟ ਹੋ ਜਾਂਦਾ। ਖੇਤੀ ਦਾ ਕੰਮ ਮਸ਼ੀਨਰੀ ਦੀ ਥਾਂ ਹੱਥਾਂ 'ਤੇ ਨਿਰਭਰ ਹੋਣ ਕਾਰਨ ਕਿਸਾਨ, ਮਜ਼ਦੂਰ ਤੇ ਸੁਆਣੀਆਂ ਉਨ੍ਹਾਂ ਦਿਨਾਂ ਵਿੱਚ ਮੋਚ ਦੇ ਆਮ ਸ਼ਿਕਾਰ ਰਹਿੰਦੇ ਸਨ। ਮੋਚ ਕੱਢਣ ਲਈ ਬਾਪੂ ਸਰ੍ਹੋਂ ਦਾ ਤੇਲ ਵਰਤਦਾ। ਪੰਜ ਕੁ ਰੁਪਏ ਵਾਲੀ ਸ਼ੀਸ਼ੀ ਨਾਲ ਤੀਹ-ਚਾਲੀ ਮਰੀਜ਼ ਰਾਜ਼ੀ ਕਰ ਦਿੰਦਾ। ਮੋਚ ਕੱਢਣ ਬਦਲੇ ਬਾਪੂ ਕਿਸੇ ਕੋਲੋਂ ਪੈਸਾ-ਧੇਲਾ ਨਹੀਂ ਸੀ ਲੈਂਦਾ, ਪਰ ਟਾਵੇਂ-ਟੱਲੇ ਸਵੈ-ਇੱਛਾ ਨਾਲ ਮੌਸਮੀ ਸਬਜ਼ੀ, ਸਾਗ, ਲਸਣ ਜਾਂ ਗੰਢੇ ਵਗੈਰਾ ਦੇ ਜਾਂਦੇ। ਪਿੰਡ ਦੇ ਲੋਕ ਆਪਣੀਆਂ ਰਿਸ਼ਤੇਦਾਰੀਆਂ ਵਿੱਚੋਂ ਵੀ ਪੀੜਤਾਂ ਨੂੰ ਬਾਪੂ ਪਾਸ ਲੈ ਕੇ ਆਉਂਦੇ।

ਬਾਪੂ ਦੇ ਹੱਥਾਂ ਵਿੱਚ ਕੋਈ ਕਲਾ ਸੀ। ਉਹ ਮਾਲਸ਼ ਕਰ ਕੇ ਦੋਵੇਂ ਹੱਥਾਂ ਦੀ ਕੰਘੀ ਗਿੱਟੇ ਮਗਰ ਕੱਸ ਪੈਰ ਉਪਰ ਇੱਕ ਵਿਸ਼ੇਸ਼ ਨਾੜ ਉਭਾਰ ਲੈਂਦਾ ਤੇ ਫਿਰ ਉਸ ਨੂੰ ਅੰਗੂਠੇ ਨਾਲ ਦੱਬ ਪੰਜੇ ਉਂਗਲਾਂ ਵਾਰੀ ਵਾਰੀ ਖਿੱਚ ਕੇ ਕੜਾਕੇ ਪਾਉਂਦਾ। ਉਂਗਲਾਂ ਦੇ ਕੜਾਕੇ ਪੈਣ ਪਿੱਛੋਂ ਆਖਦਾ, 'ਚੱਲ ਬਈ ਮਿੱਤਰਾ, ਕਰ ਐਸ਼।' ਜੇ ਪਹਿਲੀ ਸੱਟੇ ਸਾਰੀਆਂ ਉਂਗਲਾਂ ਦੇ ਕੜਾਕੇ ਨਾ ਪੈਂਦੇ ਤਾਂ ਅਗਲੇ ਨੂੰ ਸ਼ਾਮ ਜਾਂ ਅਗਲੀ ਵੇਰ ਆਉਣ ਲਈ ਆਖਦਾ। ਬੱਚਿਆਂ ਦੀ ਮੋਚ ਕੱਢਣ ਵੇਲੇ ਬਾਪੂ ਨੂੰ ਮੁਸ਼ੱਕਤ ਕਰਨੀ ਪੈਂਦੀ। ਜਦੋਂ ਤੇਲ ਵਾਲੀ ਸ਼ੀਸ਼ ਚੁੱਕ ਬਾਪੂ ਨੇੜੇ ਹੁੰਦਾ, ਬੱਚੇ ਦੇ ਚੀਕ-ਚਿਹਾੜੇ ਨਾਲ ਅਸਮਾਨ ਚੁੱਕਿਆ ਜਾਂਦਾ। ਬੱਚੇ ਮਾਂ-ਪਿਓ ਦੀਆਂ ਕੱਛਾਂ ਵਿੱਚ ਮੂੰਹ ਦੇ ਕੇ ਚਿੰਘਾੜਦੇ, ਪੈਰ ਨੂੰ ਹੱਥ ਲੱਗਣ ਨਾ ਦਿੰਦੇ। ਬਾਪੂ ਪੁਚਕਾਰਦਾ ਆਖਦਾ, ''ਪੁੱਤਰਾ, ਜੇ ਆਥਣੇ ਗੁੱਲੀ ਨੂੰ ਗੱਭਾਂ ਮਾਰਨੀਆਂ ਤਾਂ ਦੋ ਮਿੰਟ ਕਚੀਚੀ ਵੱਟ ਲੈ।'' ਕਈ ਵਾਰ ਸਾਨੂੰ ਬੱਚਿਆਂ ਦੀਆਂ ਲੱਤਾਂ ਫੜਨੀਆਂ ਪੈਂਦੀਆਂ। ਅਜਿਹੇ ਮਾਮਲਿਆਂ ਵਿੱਚ ਬਾਪੂ ਪੂਰੀ ਫੁਰਤੀ ਵਰਤਦਾ ਤੇ ਬੱਚੇ ਦੀ ਪੀੜ ਦਾ ਵੀ ਖਿਆਲ ਰੱਖਦਾ।

ਪੜ੍ਹਨ ਮਗਰੋਂ ਮੈਂ ਕਿੱਤੇ ਲੱਗ ਗਿਆ ਅਤੇ ਨਿਗ੍ਹਾ ਘਟਣ ਕਾਰਨ ਬਾਪੂ ਨੂੰ ਰਾਜਗਿਰੀ ਛੱਡਣੀ ਪਈ, ਪਰ ਮੋਚ ਕੱਢਣ ਦੀ ਨਿਸ਼ਕਾਮ ਸੇਵਾ ਜਾਰੀ ਰੱਖੀ। ਇੱਕ ਦਿਨ ਅਚਨਚੇਤ ਘਰ ਮੂਹਰੇ ਖੜ੍ਹੇ ਬਾਪੂ ਨੂੰ ਤੇਜ਼ ਰਫਤਾਰ ਐਂਬੂਲੈਂਸ ਨੇ ਟੱਕਰ ਮਾਰ ਦਿੱਤੀ ਅਤੇ ਉਹ ਸਾਥੋਂ ਸਦਾ ਲਈ ਵਿਛੜ ਗਿਆ। ਕੁਝ ਸਾਲ ਪਿੱਛੋਂ ਮੇਰੇ ਪੈਰ ਨੂੰ ਮੋਚ ਆ ਜਾਣ ਕਾਰਨ ਉਹ ਕੁਝ ਕਰਨ ਦੀ ਕੋਸ਼ਿਸ਼ ਕੀਤੀ, ਜੋ ਬਾਪੂ ਕਰਦਾ ਹੁੰਦਾ ਸੀ, ਪਰ ਤਜਰਬਾ ਹੱਥਾਂ ਵਿੱਚ ਨਹੀਂ ਸੀ। ਮੋੜਾ ਨਾ ਪਿਆ ਤੇ ਮੈਨੂੰ ਹੱਡੀਆਂ ਦੇ ਡਾਕਟਰ ਕੋਲ ਜਾਣਾ ਪਿਆ। ਐਕਸਰੇ ਕਰ ਕੇ ਪੈਰ ਅੰਦਰਲਾ ਮਾਸ ਫਟ ਜਾਣ ਬਾਰੇ ਦੱਸਿਆ। ਗੋਲੀਆਂ, ਕੈਪਸੂਲਾਂ ਦੀਆਂ ਹਫਤਾ ਭਰ ਦੀਆਂ ਖੁਰਾਕਾਂ ਨਾਲ ਇੱਕ ਪਾਊਡਰ ਦੁੱਧ ਵਿਚ ਪਾ ਕੇ ਪੀਣ ਦੀ ਹਦਾਇਤ ਤੋਂ ਇਲਾਵਾ ਚਾਰ-ਪੰਜ ਦਿਨ ਮੰਜੇ ਉੱਤੇ ਰਹਿਣ ਨੂੰ ਆਖਿਆ। ਪੰਜ ਸੌ ਰੁਪਏ ਡਾਕਟਰ ਦੀ ਜੇਬ ਵਿੱਚ ਜਾਣ ਮਗਰੋਂ ਪੈਰ ਧਰਤੀ ਉੱਤੇ ਟਿਕਣ ਯੋਗ ਹੋ ਸਕਿਆ। ਇਲਾਜ ਦੌਰਾਨ ਬਾਪੂ ਦੀ ਬਹੁਤ ਯਾਦ ਆਉਂਦੀ ਰਹੀ। ਯਾਦ ਆਉਂਦਾ ਰਿਹਾ ਉਹਦੇ ਹੱਥਾਂ ਵਿਚਲਾ ਹੁਨਰ ਜਿਸ ਦੀ ਥਾਹ ਪਾਉਣ ਲਈ ਮੈਂ ਦਿਲਚਸਪੀ ਨਹੀਂ ਸੀ ਲਈ। ਵਾਕਈ ਜਦ ਕੋਈ ਵਿਛੜ ਜਾਂਦਾ ਹੈ ਤਾਂ ਸਾਨੂੰ ਉਸ ਦੀਆਂ ਖੂਬੀਆਂ ਯਾਦ ਆਉਂਦੀਆਂ ਹਨ। ਬਾਪੂ ਦੀ ਬੇਵਕਤ ਮੌਤ ਮਗਰੋਂ ਨਾਲ ਦੇ ਪਿੰਡਾਂ ਦੇ ਪੀੜਤ ਕਈ ਸਾਲ ਸਾਡੇ ਘਰ ਆਉਂਦੇ ਰਹੇ, ਪਰ ਬਾਪੂ ਦੀ ਮੌਤ ਬਾਰੇ ਸੁਣ ਕੇ ਮਾਯੂਸ ਮਨਾਂ ਨਾਲ ਮੁੜਦਿਆਂ ਇਹ ਜ਼ਰੂਰ ਆਖਦੇ, ''ਖ਼ੋਡੇ ਵਿੱਚੋਂ ਕੋਈ ਜਣਾ ਸਿੱਖ ਲੈਂਦਾ, ਉਹਦਾ ਤਾਂ ਭਾਈ ਵਾਹਲਾ ਸੁਖ ਸੀ।''

ਨਿਰਾਸ਼ ਮੁੜਦੇ ਪੀੜਤਾਂ ਨੂੰ ਦੇਖ ਮੇਰਾ ਪਛਤਾਵਾ ਹੋਰ ਗੂੜ੍ਹਾ ਹੋ ਜਾਂਦਾ, ਕਾਸ਼! ਮੈਂ ਬਾਪੂ ਦੇ ਹੱਥਾਂ ਦੀ ਅਨੋਖੀ ਕਲਾ ਹਾਸਲ ਕਰ ਲਈ ਹੁੰਦੀ। ਮੇਰੀ ਗੈਰ ਸੰਜੀਦਗੀ ਕਾਰਨ ਇਹ ਹੁਨਰ ਬਾਪੂ ਦੇ

## ਵਿਅੰਗ ਵੱਡੇ ਭਰਾ ਦੀ ਨਿਯੁਕਤੀ

-ਪਵਨ ਲਾਠਰ

ਇਹ ਗੱਲ ਉਸ ਦਿਨ ਦੀ ਹੈ, ਜਦੋਂ ਮੇਰੇ ਵੱਡੇ ਭਰਾ ਨੂੰ ਜੇ ਬੀ ਟੀ ਅਧਿਆਪਕ ਦਾ ਨਿਯੁਕਤੀ ਪੱਤਰ ਮਿਲਿਆ ਸੀ। ਡਾਕੀਏ ਦੇ ਹੱਥੋਂ ਉਨ੍ਹਾਂ ਨੇ ਨਿਯੁਕਤੀ ਪੱਤਰ ਇਸ ਤਰ੍ਹਾਂ ਲਿਆ, ਜਿਵੇਂ ਰਾਸ਼ਟਰਪਤੀ ਤੋਂ ਪਦਮ ਪੁਰਸਕਾਰ ਪ੍ਰਾਪਤ ਕਰ ਰਹੇ ਹੋਣ। ਖੁਸ਼ ਹੋ ਕੇ ਡਾਕੀਏ ਨੂੰ ਪਤਝੜ ਮੌਸਮ ਵਿੱਚ ਵੀ ਹਰਿਆਲੀ ਦੇ ਦਰਸ਼ਨ ਕਰਵਾ ਦਿੱਤੇ ਸਨ। ਡਾਕੀਆ ਵਧਾਈ ਦਿੰਦਾ ਹੋਇਆ ਆਪਣੀ ਵਰਦੀ ਦੀ ਜੇਬ ਹਰੀ ਪੱਤੀ ਨਾਲ ਹਰੀ ਕਰ ਕੇ ਖੁਸ਼ੀ-ਖੁਸ਼ੀ ਸਾਇਕਲ ਦੇ ਪੈਡਲ ਮਾਰਦਾ ਚਲਾ ਗਿਆ। ਮੀਂਹ ਦੀ ਲੰਬੀ ਉਡੀਕ ਤੋਂ ਬਾਅਦ ਜ਼ਿੰਦਗੀ ਦੇ 34ਵੇਂ ਪਤਝੜ ਤੱਕ ਪੁੱਜ ਕੇ ਨੌਕਰੀ ਦੀ ਚਿੜੀ ਵੱਡੇ ਭਰਾ ਦੇ ਪਿੰਜਰੇ ਵਿੱਚ ਆ ਬੈਠੀ। ਤੈਅ ਹੋਇਆ ਕਿ ਅਗਲੀ ਸਵੇਰ ਜਾ ਕੇ ਕੁਰਸੀ ਸੰਭਾਲ ਲੈਣਗੇ। ਅਜਿਹਾ ਨਾ ਹੋਵੇ ਕਿ ਪਰਸੋਂ ਤੱਕ ਸਰਕਾਰ ਨਾ ਰਹੇ ਅਤੇ ਨਵੀਂ ਸਰਕਾਰ ਨਵੇਂ ਲੋਕਾਂ ਦੇ ਨਿਯੁਕਤੀ ਪੱਤਰ ਦੇ ਦੇਵੇ। ਸੂਬਾ ਸਰਕਾਰਾਂ ਵਿੱਚ ਉਸ ਸਮੇਂ ਸਰਕਾਰੀ ਨੌਕਰੀ ਦੀ ਆਪਣੇ ਲੋਕਾਂ ਵਿੱਚ ਬਾਂਦਰ ਵੰਡ ਕਰਨ ਦਾ ਰਿਵਾਜ਼ ਜਿਹਾ ਸੀ।

ਅਗਲੇ ਦਿਨ ਸਵੇਰੇ ਸਵੇਰੇ ਨਿਯੁਕਤੀ ਪੱਤਰ ਲੈ ਕੇ ਅਸੀਂ ਦੋਵੇਂ ਮੰਜ਼ਿਲ ਵੱਲ ਨਿਕਲ ਪਏ। ਦਿਲ ਨਿਯੁਕਤੀ ਪੱਤਰ ਮਿਲਣ ਨਾਲ ਨਿਹਾਲ ਸੀ ਤੇ ਪੇਟ ਖੁਸ਼ੀ ਦੀ ਗੈਸ ਨਾਲ ਫੁੱਲਿਆ ਜਾ ਰਿਹਾ ਸੀ, ਕਿਉਂਕਿ ਨਾਸ਼ਤੇ ਦੇ ਨਾਂਅ ਉੱਤੇ ਸਿਰਫ ਨਿਯੁਕਤੀ ਪੱਤਰ ਸੁੰਦਰ ਸੀ। ਅਸੀਂ ਦੋਵੇਂ ਦੋਪਹੀਆ ਨਾਲ ਜਦੋਂ ਪਿੰਡ ਦੀ ਅੱਧੀ-ਕੱਚੀ ਸੜਕ ਉੱਤੇ ਫੱਰਾਟਾ ਭਰਦੇ ਪਹੁੰਚੇ ਤਾਂ ਇੰਦਰ ਦੇਵ ਨੇ ਸਾਡੇ ਸਵਾਗਤ ਵਿੱਚ ਮੋਤੀਆਂ ਨਾਲ ਛਿੱਟੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ। ਅੱਗੇ ਚੱਲ ਰਹੀ ਗੱਡੀ ਦੇ ਪਹੀਆਂ ਨਾਲ ਮਿੱਟੀ-ਪਾਣੀ ਦੇ ਮਿਸ਼ਰਣ ਨਾਲ ਬਣੇ ਗਾਰੇ ਦੇ ਛਿੱਟੇ ਸਾਡੇ ਨਾਲ ਟਕਰਾਉਣ ਲੱਗੇ। ਅਸੀਂ ਦੋਵੇਂ ਚਿੱਟੀਆਂ ਸ਼ਰਟਾਂ ਵਿੱਚ ਸਜੇ ਹੋਏ ਸੀ ਅਤੇ ਦੋਵੇਂ ਹੀ ਦੇਖਣ ਵਿੱਚ ਭਿੱਜੀਆਂ ਬਿੱਲੀਆਂ ਦਿਖਾਈ ਦੇ ਰਹੇ ਸਾਂ। ਉਦੋਂ ਇੰਦਰ ਦੇਵ ਨੂੰ ਸਾਡੀ ਦਸ਼ਾ ਉੱਤੇ ਤਰਸ ਆ ਗਿਆ ਅਤੇ ਸਾਡੇ ਕੱਪੜਿਆਂ ਦੀ ਮਿੱਟੀ ਉਤਾਰਨ ਲਈ ਪੂਰੇ ਜ਼ੋਰ ਨਾਲ ਸਾਡੇ ਉਪਰ ਮੀਂਹ ਦੀਆਂ ਤੇਜ਼ ਬੌਛਾਰਾਂ ਵੀ ਕਰ ਦਿੱਤੀਆਂ।

ਨਿਯੁਕਤੀ ਦੇ ਚਾਅ ਵਿੱਚ ਸਾਡਾ ਮਨ ਫੁੱਲਾਂ ਨਾਲ ਭਰਿਆ ਬਾਗਬਾਨ ਸੀ ਤੇ ਤਨ ਤੋਂ ਅਸੀਂ ਉਜੜਿਆ ਹੋਇਆ ਬਾਗ ਲੱਗਦੇ ਸੀ। ਜਿਵੇਂ-ਤਿਵੇਂ ਅਸੀਂ ਪਲੇਸਮੈਂਟ ਸਕੂਲ ਪੁੱਜੇ ਤਾਂ ਦੇਖਿਆ ਕਿ ਉਥੇ ਪਹਿਲਾਂ ਤੋਂ ਸਾਡੇ ਵਰਗੇ ਲਿਬਾਸਾਂ ਵਿੱਚ ਨਵੀਂ ਨਿਯੁਕਤੀ ਪਾਉਣ ਵਾਲੇ ਅਧਿਆਪਕ ਲਾਈਨ ਵਿੱਚ ਖੜ੍ਹੇ ਹਨ। ਉਨ੍ਹਾਂ ਨਾਲ ਦੁਆ ਸਲਾਮ ਹੋਇਆ। ਪੁੱਛਣ ਉੱਤੇ ਪਤਾ ਲੱਗਾ ਕਿ ਨਿਯੁਕਤੀ ਦੇਣ ਵਾਲੇ ਅਧਿਕਾਰੀ ਆਪਣੇ ਦੋਪਹੀਆ ਨਾਲ ਦਫਤਰ ਵੱਲ ਆ ਰਹੇ ਸਨ, ਉਨ੍ਹਾਂ ਦਾ ਦੋਪਹੀਆ ਵਾਹਨ ਇਸ ਗਰਮੀ ਦੇ ਮਹੀਨੇ ਵਿੱਚ ਪਾਣੀ ਨਾਲ ਭਰਿਆ ਟੋਇਆ ਦੇਖ ਕੇ ਅਧਿਕਾਰੀ ਦੇ ਅਧਿਕਾਰ ਤੋਂ ਨਿਕਲ ਕੇ ਟੋਏ ਵਿੱਚ ਡੁਬਕੀ ਲਾਉਣ ਲੱਗਾ, ਪਰ ਬਦਕਿਸਮਤੀ ਨਾਲ ਉਸ ਉੱਤੇ ਸਵਾਰ ਅਧਿਕਾਰੀ ਨਾ ਛਾਲ ਮਾਰ ਸਕੇ। ਖੈਰ ਦੁਪਹਿਰ ਬਾਅਦ ਹਸਪਤਾਲ ਤੋਂ ਮੱਲ੍ਹਮ ਪੱਟੀ ਕਰਵਾ ਕੇ ਨਵੇਂ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਦੇਣ ਆਉਣਗੇ। ਉਦੋਂ ਤੱਕ ਸਾਰਿਆਂ ਨੂੰ ਭਰਨ ਲਈ ਅਰਜ਼ੀਆਂ ਦਿੱਤੀਆਂ ਗਈਆਂ ਸਨ। ਮੈਂ ਉਤਸੁਕਤਾ ਨਾਲ ਇੱਕ ਨਵੇਂ ਬਣਨ ਵਾਲੇ ਅਧਿਆਪਕ ਤੋਂ ਉਨ੍ਹਾਂ ਦਾ ਭਰਿਆ ਜਾ ਚੁੱਕਾ ਅਰਜ਼ੀ ਪੱਤਰ ਮੰਗ ਲਿਆ। ਨਾਂਅ ਆਦਿ ਤੋਂ ਹੇਠਾਂ ਗੁਜਰਦੇ ਹੋਏ ਮੇਰੀ ਨਜ਼ਰ ਰਾਸ਼ਟਰੀਅਤਾ ਦੇ ਕਾਲਮ ਉੱਤੇ ਪਈ, ਜਿੱਥੇ ਸਾਹਿਬ ਨੇ ਆਪਣੇ ਹੱਥੀਂ 'ਭਾਰਤੀ' ਦੇ ਸਥਾਨ ਉੱਤੇ ਕੁਝ ਹੋਰ ਹੀ ਲਿਖਿਆ ਹੋਇਆ ਸੀ। ਮੈਂ ਉਨ੍ਹਾਂ ਦੇ ਮੁੱਖ ਮੰਡਲ ਦੀ ਚਮਕ ਦੇਖਣ ਦੀ ਖਾਤਰ ਉਨ੍ਹਾਂ ਵੱਲ ਆਪਣਾ ਸਿਰ ਘੁਮਾਇਆ ਤਾਂ ਉਨ੍ਹਾਂ ਦੇ ਸਫਾਚੱਟ ਸਿਰ ਵੱਲ ਧਿਆਨ ਭਟਕ ਗਿਆ। ਮੈਂ ਉਨ੍ਹਾਂ ਨੂੰ ਨਿਮਰਤਾ ਪੂਰਵਕ ਪੁੱਛਿਆ, 'ਭਾਈ ਸਾਹਿਬ, ਤੁਸੀਂ ਰਾਸ਼ਟਰੀਅਤਾ ਦੇ ਕਾਲਮ ਵਿੱਚ ਭਾਰਤੀ ਦੀ ਜਗ੍ਹਾ 'ਨਰਕ' ਕਿਉਂ ਲਿਖ ਦਿੱਤਾ ਹੈ?'

ਉਨ੍ਹਾਂ ਨੇ ਲਗਭਗ ਖਿਝਦੇ ਹੋਏ ਜਵਾਬ ਦਿੱਤਾ, ''ਨੌਕਰੀ ਵੀ ਉਥੋਂ ਦੀ ਹੈ ਨਾ''। ਉਨ੍ਹਾਂ ਦੇ ਜਵਾਬ ਦਾ ਮੇਰੇ ਕੋਲ ਕੋਈ ਜਵਾਬ ਨਹੀਂ ਸੀ। ਮੈਂ ਉਨ੍ਹਾਂ ਦੇ ਉਸ ਬੇਤੁਕੇ ਜਵਾਬ ਨਾਲ ਉਨ੍ਹਾਂ ਵੱਲੋਂ ਭਵਿੱਖ ਵਿੱਚ ਪੜ੍ਹਾਏ ਜਾਣ ਵਾਲੇ ਬੱਚਿਆਂ ਦਾ ਭਵਿੱਖ ਸੋਚ ਕੇ ਕੰਬਿਆ ਅਤੇ ਮਨ ਵਿੱਚ ਖਿਆਲ ਆਇਆ ਕਿ ਇਹ ਕਿਹੋ ਜਿਹਾ ਅਧਿਆਪਕ ਹੈ, ਜਿਸ ਨੂੰ ਖੁਦ ਕਿਸੇ ਚੰਗੇ ਅਧਿਆਪਕ ਤੋਂ ਪੜ੍ਹਨ ਦੀ ਲੋੜ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224

# ਪ੍ਰਭਜੋਤ ਸਿੰਘ ਸੋਹੀ ਦੇ ਗੀਤਾਂ ਦਾ 'ਸੰਦਲੀ ਬਾਗ਼'

ਗੁਰਭਜਨ ਗਿੱਲ

ਗੀਤ ਤਿਤਲੀ ਦੇ ਪਰਾਂ ਉੱਪਰ ਲਿਖੀ ਇਬਾਰਤ ਵਰਗੇ ਹੁੰਦੇ ਨੇ । ਰੂਹ ਦੇ ਬਾਗ਼ੀਂ ਵਿਚਰਦੇ ਦੁੱਖ - ਸੁੱਖ ਕਰਦੇ, ਵਣ-ਤ੍ਰਿਣ ਨਾਲ ਗੁਫ਼ਤਗੂ ਕਰਦੇ, ਸਾਹਾਂ ਸਵਾਸਾਂ ਦੀ ਸਾਰ ਲੈਂਦੇ ਦੇਂਦੇ, ਕੁੱਲ ਪ੍ਰਕਿਰਤੀ ਵਿਚ ਰਮ ਜਾਂਦੇ ਹਨ । ਸ਼ਕਤੀਵਰ ਗੀਤ ਲੋਕ-ਕੰਠ ਦੇ ਕੰਧੇੜੇ ਚੜ੍ਹ ਕੇ ਸਮੇਂ ਦੀ ਨਜ਼ਾਕਤ, ਨਫ਼ਾਸਤ ਤੇ ਸੁਭਾਅ ਨੂੰ ਸਮਝਦੇ ਸਮਝਾਉਂਦੇ ਕੁਝ ਵਰ੍ਹਿਆਂ ਬਾਅਦ ਲੋਕ-ਗੀਤਾਂ ਦੇ ਟੱਬਰ ਵਿਚ ਜਾ ਰਲਦੇ ਹਨ ।

ਇਹ ਹੁੰਦੇ ਤਾਂ ਗੀਤ ਹੀ ਹਨ; ਪਰ ਲੋਕ-ਗੀਤਾਂ ਦੇ ਵੇਸ ਵਿਚ ਸਾਰੇ ਜੀਵਨ ਵਿਹਾਰ ਵਿਚ ਪੈਰ-ਪੈਰ 'ਤੇ ਆਪਣੀ ਬਾਤ ਕਹਿ ਜਾਂਦੇ ਹਨ । ਅਨੇਕਾਂ ਗੀਤ ਹਨ ਜੋ ਸਿਰਜਕਾਂ ਨੇ ਸਿਰਜੇ; ਪਰ ਹੌਲੀ-ਹੌਲੀ ਸਿਰਜਕਾਂ ਦਾ ਨਾਮ ਅਲੋਪ ਹੁੰਦਾ ਗਿਆ; ਪਰ ਗੀਤ ਸਾਡੇ ਦੁੱਖਾਂ-ਸੁੱਖਾਂ ਦੇ ਭਾਈਵਾਲ ਬਣ ਖਲੋਂਦੇ ਹਨ ।

ਮੈਂ ਅਕਸਰ ਨੰਦ ਲਾਲ ਨੂਰਪੁਰੀ, ਕਰਤਾਰ ਸਿੰਘ ਬਲੱਗਣ, ਸੁੰਦਰ ਦਾਸ ਆਸੀ, ਹਰਚਰਨ ਸਿੰਘ ਪਰਵਾਨਾ, ਚਰਨ ਸਿੰਘ ਸਫ਼ਰੀ, ਗੁਰਦੇਵ ਸਿੰਘ ਮਾਨ ਤੇ ਕਈ ਪੂਰਬਲੇ ਗੀਤਕਾਰਾਂ ਦੀਆਂ ਪੈੜਾਂ ਪਛਾਣਦਿਆਂ ਕਈ ਗੀਤ ਟੁਕੜੇ ਅਜਿਹੇ ਲੱਭ ਲੈਂਦਾ ਹਾਂ, ਜੋ ਲੋਕ ਮਾਨਸਿਕਤਾ ਵਿਚ ਘਰ ਕਰੀ ਬੈਠੇ ਹਨ । ਤੁਸੀਂ ਸੋਹਣ ਸਿੰਘ ਸੀਤਲ ਜੀ ਦੇ ਲਿਖੇ 'ਕੀਮਾ ਮਲਕੀ' ਦਾ ਗਾਇਨ ਲੋਕ ਗੀਤ ਸ਼੍ਰੇਣੀ ਵਿਚ ਰੇਡੀਓ, ਟੀ.ਵੀ., ਕਾਲਜਾਂ, ਯੂਨੀਵਰਸਿਟੀਆਂ ਦੇ ਯੁਵਕ ਮੇਲਿਆਂ 'ਚ ਅਕਸਰ ਸੁਣਦੇ ਆ ਰਹੇ ਹੋ । ਕਰਤਾਰ ਸਿੰਘ ਬਲੱਗਣ ਜੀ ਦਾ ਗੀਤ :-

*ਮੁੜ ਆ ਲਾਮਾਂ ਤੋਂ ਸਾਨੂੰ ਘਰੇ ਬੜਾ ਰੁਜ਼ਗਾਰ !*
*ਕਣਕਾਂ ਨਿੱਸਰ ਪਈਆਂ ਵੇ !*
*ਤੂੰ ਆ ਕੇ ਝਾਤੀ ਮਾਰ*
*ਕੱਲ੍ਹ ਵਿਆਹੀ ਅੱਜ ਵਿਜੋਗਣ,*
*ਦੁਨੀਆ ਸਾਰੀ ਕਹਿੰਦੀ*
*ਸਾਲੂ ਮੇਰੇ ਦਾ ਰੰਗ ਨਾ ਨਿੰਮਿਆ,*
*ਫਿੱਕੀ ਪਈ ਨਾ ਮਹਿੰਦੀ*
*ਵੇ ਅਜੇ ਘਰ ਪਰਤੇ ਨਾ,*
*ਮੇਰੀ ਡੋਲੀ ਨੂੰ ਛੱਡ ਕੇ ਕਹਾਰ*
*ਮੁੜ ਆ ਲਾਮਾਂ ਤੋਂ ...*

ਇਹ ਗੀਤ ਦਰਦੀਲੀ ਹੂਕ ਸਹਾਰੇ ਬਿਰਹਣ ਦਾ ਅਮਰ-ਗਾਨ ਬਣ ਗਿਆ ਹੈ । ਗੀਤ ਦੀ ਇਹੀ ਸਿਫ਼ਤ ਉਸ ਨੂੰ ਅਮਰ-ਪਦ ਪ੍ਰਦਾਨ ਕਰਦੀ ਹੈ ।

ਇਸ ਕਿਸਮ ਦੇ ਅਨੇਕਾਂ ਗੀਤਾਂ ਨੂੰ ਧਰਤੀ ਦੇ ਗੀਤ ਵੰਨਗੀ ਵਿਚ ਰੱਖ ਸਕਦੇ ਹਾਂ । ਲਗਪਗ ਪੰਜਾਹ ਸਾਲ ਪਹਿਲਾਂ ਤੀਕ ਅਦਬੀ ਸਿਰਜਕਾਂ ਨੇ ਗੀਤ ਨੂੰ ਆਪਣੀ ਸਿਰਜਣਾ ਵਿਚ ਬਣਦਾ ਸਥਾਨ ਦਿੱਤਾ । ਧਨੀ ਰਾਮ ਚਾਤ੍ਰਿਕ, ਪ੍ਰੋ : ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਸ਼ਿਵ ਕੁਮਾਰ ਤੇ ਸੁਰਜੀਤ ਰਾਮਪੁਰੀ ਵਰਗੇ ਸਿਰਜਕ ਯਾਦਗਾਰੀ ਗੀਤ ਰਚ ਗਏ । ਉਨ੍ਹਾਂ ਦੇ ਗੀਤ ਅੱਜ ਵੀ ਲੋਕ-ਪ੍ਰਵਾਨਗੀ ਦੇ ਸਿਖ਼ਰ 'ਤੇ ਹਨ ।

ਡਾ. ਜਗਤਾਰ ਨੇ ਆਪਣਾ ਸਫ਼ਰ ਗੀਤਕਾਰੀ ਤੋਂ ਆਰੰਭਿਆ । ਜਗਤਾਰ ਪਪੀਹਾ ਨਾਮ ਹੇਠ ਉਨ੍ਹਾਂ ਦਾ ਕਮਾਲ ਦਾ ਗੀਤ :-

*ਹਵਾ ਦੇ ਵਿਚ ਉੱਡਦੀ ਫਿਰੇ ਮੇਰੀ*
*ਤਿੱਤਰਾਂ ਵਾਲੀ ਫੁਲਕਾਰੀ ।*
*ਨੀ ਅੱਗੇ ਅੱਗੇ ਮੈਂ ਉੱਡਦੀ*
*ਮੇਰੇ ਉੱਡਦੇ ਨੇ ਮਗਰ ਸ਼ਿਕਾਰੀ।*

ਅੱਜ ਵੀ ਰੂਹ 'ਚ ਤਰਬਾਂ ਛੇੜਦੀ ਹੈ । ਇਸ ਤੋਂ ਮਗਰੋਂ ਸੁਰਿੰਦਰ ਗਿੱਲ ਦਾ ਗੀਤ 'ਛੱਟਾ ਚਾਨਣਾਂ ਦਾ ਦੇਈ ਜਾਣਾ', ਸੁਰਜੀਤ ਪਾਤਰ ਦਾ ਗੀਤ :-

*ਸੁੰਨੇ-ਸੁੰਨੇ ਰਾਹਾਂ ਉੱਤੇ ਕੋਈ-ਕੋਈ ਪੈੜ ਏ*
*ਦਿਲ ਹੀ ਉਦਾਸ ਏ ਜੀ*
*ਬਾਕੀ ਸਭ ਖ਼ੈਰ ਏ*

ਕਸ਼ਮੀਰ ਕਾਦਰ ਦਾ ਗੀਤ :-

ਜੇ ਸਾਡੀ ਗਲ਼ੀ ਆਵੇਂ ਮਿੱਤਰਾ
ਤੈਨੂੰ ਹਾਸਿਆਂ 'ਚੋਂ ਜ਼ਖ਼ਮ ਵਿਖਾਵਾਂ

ਇਸੇ ਸਮੇਂ ਹੀ ਗੀਤਕਾਰੀ ਵਿਚ ਸੰਤ ਰਾਮ ਉਦਾਸੀ, ਜੈਮਲ ਪੱਡਾ, ਮੁਖਤਿਆਰ ਸਿੰਘ ਜ਼ਫ਼ਰ ਤੇ ਅਨੇਕਾਂ ਹੋਰ ਸਿਰਜਕ ਗੀਤ ਨੂੰ ਬੁਲੰਦੀਆਂ ਬਖ਼ਸ਼ ਗਏ ।

ਪਰ ਪਿਛਲੇ ਤੀਹ ਪੈਂਤੀ ਸਾਲਾਂ ਤੋਂ ਗੀਤਕਾਰਾਂ ਤੇ ਅਦਬੀ ਕਵੀਆਂ ਦਾ ਫ਼ਾਸਲਾ ਵਧ ਗਿਆ ਹੈ । ਇਸ ਦਾ ਅਰਥ ਇਹ ਵੀ ਨਹੀਂ ਕਿ ਪ੍ਰਚੱਲਿਤ ਗੀਤਕਾਰੀ ਵਿਚ ਅਦਬੀ ਰੰਗ ਨਹੀਂ ਹੈ । ਇੰਦਰਜੀਤ ਹਸਨਪੁਰੀ, ਬਾਬੂ ਸਿੰਘ ਮਾਨ, ਹਰਦੇਵ ਦਿਲਗੀਰ, ਪਾਲੀ ਦੇਤਵਾਲੀਆ, ਹਰਜਿੰਦਰ ਕੰਗ, ਸ਼ਮ-ਸ਼ੇਰ ਸਿੰਘ ਸੰਧੂ, ਬਚਨ ਬੇਦਿਲ, ਪਰਗਟ ਸਿੰਘ ਲਿੱਧੜਾਂ, ਮਨਪ੍ਰੀਤ ਟਿਵਾਣਾ, ਅਮਰਦੀਪ ਗਿੱਲ ਤੇ ਅਨੇਕਾਂ ਹੋਰ ਗੀਤਕਾਰਾਂ ਦੇ ਅਜਿਹੇ ਗੀਤ ਵੀ ਹਨ, ਜੋ ਅਦਬੀ ਮਿਆਰ 'ਤੇ ਪੂਰੇ ਉੱਤਰਦੇ ਹਨ । ਪੁਸਤਕ ਰੂਪ ਵਿਚ ਪ੍ਰਚੱਲਿਤ ਗੀਤਕਾਰਾਂ ਨੇ ਅਦਬੀ ਪ੍ਰਕਾਸ਼ਕਾਂ ਨਾਲ ਹੁਣ ਨਵੀਂ-ਨਵੀਂ ਸਾਂਝ ਪਾਈ ਹੈ, ਜਿਸ ਨਾਲ ਇਨ੍ਹਾਂ ਦੀਆਂ ਪੁਸਤਕਾਂ ਵੀ ਲਾਇਬਰੇਰੀਆਂ 'ਚ ਜਾ ਕੇ ਖੋਜ-ਸਮੱਗਰੀ ਬਣ ਰਹੀਆਂ ਹਨ । ਪਹਿਲਾਂ ਇੰਜ ਨਹੀਂ ਸੀ । ਸਾਡੇ ਵਿਦਵਾਨਾਂ 'ਚੋਂ ਬਹੁਤੇ ਨਹੀਂ ਜਾਣਦੇ ਕਿ

*ਮਧਾਣੀਆਂ ! ਹਾਏ ਓ ਮੇਰਿਆ*
*ਡਾਢਿਆ ਰੱਬਾ*
*ਕਿਨ੍ਹਾਂ ਜੰਮੀਆਂ ਕਿਨ੍ਹਾਂ ਨੇ ਲੈ ਜਾਣੀਆਂ*

ਕਿਸ ਨੇ ਲਿਖਿਆ ਹੈ ? ਚੰਨ ਜੰਡਿਆਲਵੀ ਦਾ ਇਹ ਗੀਤ ਤਾਂ ਅਸੀਂ ਜਾਣਦੇ ਹਾਂ; ਪਰ ਵਲੈਤ ਵਸਦੇ ਚੰਨ ਨੂੰ ਨਹੀਂ । ਇਵੇਂ ਹੀ

*ਨਾ ਚੁੰਨੀ ਲੈ ਸੁਰਮਈ ਕੁੜੇ !*
*ਤੂੰ ਜਾਪੇ ਬੱਦਲਾਂ ਜਿਹੀ ਕੁੜੇ !*

ਗੀਤ ਦੇ ਸਿਰਜਕ ਤੇਜਾ ਸਿੰਘ ਸਾਬਰ ਨੂੰ ਨਹੀਂ ਜਾਣਦੇ ।

ਇਹ ਸਾਰੀਆਂ ਗੱਲਾਂ ਕਰਨੀਆਂ ਇਸ ਲਈ ਜ਼ਰੂਰੀ ਸਨ, ਕਿਉਂਕਿ ਗੀਤ ਨੂੰ ਵਰਤਮਾਨ ਕਵੀਆਂ ਨੇ ਲਗਪਗ ਵਿਸਾਰ ਦਿੱਤਾ ਹੈ ।

ਮੈਂ 2005 ਵਿਚ ਆਪਣਾ ਗੀਤ ਸੰਗ੍ਰਹਿ 'ਫੁੱਲਾਂ ਦੀ ਝਾਂਜਰ' ਛਾਪਿਆ ਤਾਂ ਕਈ ਸਮਕਾਲੀਆਂ ਨੇ ਕਿਹਾ ਕਿ ਕਿੱਧਰ ਤੁਰ ਪਿਐ? ਪਰ ਉਹ ਵੀ ਜਿਉਣ ਜਾਗਣ ।

ਗੀਤ ਮੇਰੀ ਪਹਿਲ-ਪਸੰਦ ਹੋਣ ਕਾਰਨ ਮੈਨੂੰ ਬੜਾ ਹੀ ਚੰਗਾ ਲੱਗਿਆ, ਜਦ ਪ੍ਰਭਜੋਤ ਸਿੰਘ ਸੋਹੀ ਨੇ ਮੈਨੂੰ 'ਸੰਦਲੀ ਬਾਗ਼' ਦੀ ਸੈਰ ਕਰਵਾਈ ।

ਪ੍ਰਭਜੋਤ ਸਿੰਘ ਸੋਹੀ ਨੂੰ ਮੈਂ ਵਿਦਿਆਰਥੀ ਕਾਲ ਤੋਂ ਜਾਣਦਾ ਹਾਂ । ਬੜੀਆਂ ਸਮਰੱਥ ਕਵਿਤਾਵਾਂ ਤਾਂ ਉਹ ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਗੁਰੂਸਰ ਸਧਾਰ (ਲੁਧਿਆਣਾ) 'ਚ ਪੜ੍ਹਦਿਆਂ ਹੀ ਲਿਖਣ ਤੇ ਸੁਣਾਉਣ ਲੱਗ ਪਿਆ ਸੀ । ਆਜ਼ਾਦ ਨਜ਼ਮ ਤੋਂ ਗੀਤ ਤੀਕ ਦਾ ਸਫ਼ਰ ਮੈਨੂੰ ਸ਼ੁਗਨਾਂ ਮੱਤਾ ਲੱਗਿਆ । ਉਸ ਦੀ ਆਵਾਜ਼ ਵਿਚ ਸੋਜ਼ ਹੈ ।

ਆਪਣੀਆਂ ਕਵਿਤਾਵਾਂ ਨੂੰ ਜਦ ਉਹ ਵਜਦ 'ਚ ਆ ਕੇ ਗਾਉਂਦੈ ਤਾਂ ਲੱਗਦੈ ਗੀਤ ਤੇ ਨਜ਼ਮ ਸਹਿ ਯਾਤਰਾ ਕਰ ਰਹੇ ਨੇ । 'ਸੰਦਲੀ ਬਾਗ਼' ਦਾ ਪਾਠ ਕਰਦਿਆਂ ਮੈਂ ਮਹਿਸੂਸ ਕੀਤਾ ਹੈ ਕਿ ਪ੍ਰਭਜੋਤ ਸਿੰਘ ਸੋਹੀ ਨੇ ਆਪਣੇ ਤਰਲ ਮਨ ਦਾ ਸਵੈ-ਪ੍ਰਕਾਸ਼ ਕੀਤਾ ਹੈ । ਇਸ ਵਿਚ ਜ਼ਿੰਦਗੀ ਨਾਲ ਮੁਹੱਬਤ ਤੋਂ ਲੈ ਕੇ ਹਮਉਮਰ ਰੂਹ ਨਾਲ ਮੁਹੱਬਤ ਦਾ ਸਫ਼ਰ ਹੈ । ਸਮਾਜਿਕ ਸਾਰਥਿਕਤਾ ਵਾਲੇ ਵਿਸ਼ਿਆਂ ਨਾਲ ਵੀ ਉਸ ਨੇ ਸਾਂਝ ਪੁਗਾਈ ਹੈ । ਵਿਸ਼ਿਆਂ ਦੀ ਵੰਨ-ਸੁਵੰਨਤਾ ਨਿਭਾਉਂਦਿਆਂ ਉਹ ਬੜੇ ਜੀਵੰਤ ਗੀਤ ਲਿਖ ਗਿਆ ਹੈ ।

ਪ੍ਰਭਜੋਤ ਸਿੰਘ ਸੋਹੀ ਦੇ ਗੀਤ ਪ੍ਰਿਜ਼ਮ ਰਾਹੀਂ ਵੇਖੇ ਦ੍ਰਿਸ਼ ਵਰਗੇ ਨੇ । ਇਨ੍ਹਾਂ ਦੀ ਵੰਨ-ਸੁਵੰਨਤਾ ਹੀ ਉਸ ਦੀ ਸ਼ਕਤੀ ਹੈ । ਸੁਪਨਿਆਂ ਦੀ ਸਿਰਜਣਾ ਕਰਨ ਤੋਂ ਬਿਨਾ ਉਹ ਸੁਪਨਿਆਂ ਦੀ ਪੂਰਤੀ ਤੀਕ ਦਾ ਸਫ਼ਰ ਕਰਦਾ ਹੈ । ਤਿਹਾਏ ਹੋਠਾਂ ਲਈ ਦਰਿਆ ਬਣਨ ਤੀਕ ਦਾ ਅਰਜ਼ਮੰਦ ਗੀਤਕਾਰ ਸਾਨੂੰ ਆਪਣੇ ਕਲਾਵੇ 'ਚ ਲੈਂਦਾ ਹੈ । ਤਰੇੜੀ ਧਰਤੀ ਦੀ ਪਿਆਸ ਮਿਟਾਉਣ ਲਈ ਬਾਤ ਦੀ ਬਰਸਾਤ ਅਸਲੋਂ ਨਿਵੇਕਲੀ ਗੱਲ ਹੈ ।

*ਪਲਕਾਂ ਦੀਆਂ ਨੋਕਾਂ 'ਤੇ, ਕੋਈ ਸੁਪਨ ਸਜਾ ਸੱਜਣਾ !*
*ਤੂੰ ਪਿਆਸੇ ਹੋਠਾਂ ਲਈ, ਬਣ ਜਾ ਦਰਿਆ ਸੱਜਣਾ !*
*ਰੂਹ ਧਰਤ ਤਰੇੜੀ ਹੈ, ਮਨ ਅੰਬਰੀਂ ਗਰਦ ਚੜ੍ਹੀ*
*ਠੰਢ ਸੀਨੇ ਪੈ ਜਾਵੇ, ਉਹ ਬਾਤ ਸੁਣਾ ਸੱਜਣਾ !*

ਗੀਤ ਦੇ ਖੰਭਾਂ 'ਤੇ ਜਿੰਨਾ ਕੁ ਭਾਰ ਪਾਇਆ ਜਾ ਸਕਦਾ ਹੈ, ਪ੍ਰਭਜੋਤ ਨੂੰ ਉਸ ਦੀ ਸਾਰ ਹੈ । ਉਹ ਬੇਲੋੜਾ ਭਾਰ ਪਾਉਣ ਦੀ ਥਾਂ ਪ੍ਰਭਾਵ ਚਿਤਰ ਉਸਾਰਦਾ ਹੈ । ਪ੍ਰਭਾਵ ਚਿਤਰ ਦਾ ਸਦੀਵ-ਕਾਲ ਅਸਰ ਰੂਹ 'ਤੇ ਅੰਕਿਤ ਹੁੰਦਾ ਹੈ । ਇਹ ਅਸਰਦਾਰੀ ਹੀ ਗੀਤ ਨੂੰ ਕਵਿਤਾ ਤੇ ਗ਼ਜ਼ਲ ਤੋਂ ਵਖਰਿਆਉਂਦੀ ਹੈ । ਗੀਤ ਅੰਬਰ ਵਿਚਲੇ ਤਾਰਿਆਂ ਨਾਲ ਬਾਤਾਂ ਪਾ ਕੇ ਹੁੰਗਾਰੇ ਵੀ ਲੈਂਦਾ ਹੈ ਤੇ ਚੁੱਪ ਅੰਬਰ ਨਾਲ ਵਾਰਤਾਲਾਪ ਵੀ ਕਰ ਲੈਂਦਾ ਹੈ । ਨਿਸ਼ਬਦ ਰਹਿ ਕੇ ਹੀ 'ਬਿਨ ਬੋਲਿਆਂ ਸਭ ਕੁਝ ਜਾਣਦਾ' ਨਾਲ ਰਿਸ਼ਤਾ ਪ੍ਰਪੱਕ ਕੀਤਾ ਜਾ ਸਕਦਾ ਹੈ । ਪ੍ਰਭਜੋਤ ਦੇ ਗੀਤ ਕਿਤੇ-ਕਿਤੇ ਸ਼ਬਦਾਂ ਦੇ ਵਿਚਕਾਰਲੀ ਖ਼ਾਲੀ ਸਪੇਸ ਰਾਹੀਂ ਹੀ ਮਹਿੰਗੀ ਬਾਤ ਪਾ ਜਾਂਦੇ ਹਨ ।

*ਆਦਿ ਜੁਗਾਦਿ ਤੋਂ ਰੂਹ ਦਾ ਬਾਗ਼ ਉਜਾੜ ਪਿਐ*
*ਸੰਦਲੀ ਛੋਹ ਨਾਲ ਅੰਤਰ ਮਨ ਮਹਿਕਾ ਦੇਵੀਂ*
*ਬੇਰੰਗ ਜ਼ਿੰਦਗੀ ਵਿਚ ਕੋਈ ਰੰਗ ਬਿਖਰਾ ਦੇਵੀਂ*
*ਰਿਸ਼ਮ ਕੋਈ ਚਾਨਣ ਦੀ ਮੇਰੇ ਨਾਂ ਲਾ ਦੇਵੀਂ*
---
*ਕੋਈ ਬੱਦਲੀ ਨਾ ਵਰ੍ਹੀ ਮਨ ਮਾਰੂਥਲ ਉੱਤੇ*
*ਸਾਡੇ ਚਾਅ ਕੁਮਲਾਏ, ਫੁੱਲ ਖਿੜਨੇ ਦੀ ਰੁੱਤੇ*
*ਮੋਈਆਂ ਸੱਧਰਾਂ ਸਿਰ੍ਹਾਣੇ, ਪਾਵਾਂ ਹੌਕਿਆਂ ਦੀ ਬਾਤ*
*ਵੇ ਤੂੰ ਪੁੰਨਿਆ ਦਾ ਚੰਨ, ਵੇ ਮੈਂ ਮੱਸਿਆ ਦੀ ਰਾਤ*




---
*ਬੂਹੇ ਨਾਲ ਬੂਹਾ ਹੋ ਗਈ*
*ਤੇਰੇ ਖ਼ਾਬਾਂ ਦੇ ਵਿਚ ਖੋ ਗਈ*
*ਨੈਣਾਂ ਦਾ ਕਜਲਾ ਧੋ ਗਈ*
